# ਪੰਜਾਬੀ ਪਾਠ-ਪੁਸਤਕ—6

**ਛੇਵੀਂ ਸ਼੍ਰੇਣੀ ਲਈ ਪਾਠ-ਪੁਸਤਕ**

## ਦੂਜੀ ਭਾਸ਼ਾ

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਪਹਿਲਾ ਸੰਸਕਰਨ : 2018......................76,702 ਕਾਪੀਆਂ

ਸਾਰੇ ਅਧਿਕਾਰ, ਅਨੁਵਾਦ, ਪੁਨਰ: ਛਪਾਈ ਆਦਿ
ਪੰਜਾਬ ਸਰਕਾਰ ਵੱਲੋਂ ਰਾਖਵੇਂ ਹਨ।

**ਚਿਤਾਵਨੀ**

1. ਕੋਈ ਵੀ ਏਜੰਸੀ ਧਾਰਕ ਵਾਧੂ ਪੈਸੇ ਲੈਣ ਦੇ ਉਦੇਸ਼ ਨਾਲ਼ ਪਾਠ-ਪੁਸਤਕ ਦੀ ਜਿਲਦਬੰਦੀ ਨਹੀਂ ਕਰ ਸਕਦਾ (ਏਜੰਸੀ ਵਾਲ਼ਿਆਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ ਪਾਠ-ਪੁਸਤਕਾਂ ਦੀ ਜਾਲ੍ਹੀ ਅਤੇ ਨਕਲੀ ਪ੍ਰਕਾਸ਼ਨ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਸਜ਼ਾ-ਪ੍ਰਨਾਲ਼ੀ ਦੇ ਅਧੀਨ ਗ਼ੈਰਕਾਨੂੰਨੀ ਅਪਰਾਧ ਹੈ।

ਸਰਵ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ
ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਰਵਿੰਦਰਾ ਪੇਪਰ ਮਾਰਟ, ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਦੀ ਰਾਜ–ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ–ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ–ਸਮੇਂ 'ਤੇ ਪਾਠ–ਕ੍ਰਮਾਂ ਅਤੇ ਪਾਠ–ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ।

ਹਥਲੀ ਪਾਠ–ਪੁਸਤਕ ਛੇਵੀਂ ਸ਼੍ਰੇਣੀ (ਦੂਜੀ ਭਾਸ਼ਾ) ਦੇ ਵਿਦਿਆਰਥੀਆਂ ਲਈ ਐਨ.ਸੀ.ਐੱਫ. 2005 ਅਤੇ ਪੀ.ਸੀ. ਐੱਫ. 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਛੋਟੇ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਵਾਰਤਾਲਾਪ ਵਾਲ਼ੇ ਪਾਠ ਸ਼ਾਮਲ ਕਰ ਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬੱਚਿਆਂ ਦੀ ਸਹੂਲਤ ਲਈ ਇਸ ਪੁਸਤਕ ਦੇ ਪਾਠ–ਅਭਿਆਸਾਂ ਨੂੰ ਹੱਲ ਕਰਨ ਲਈ ਅਭਿਆਸ–ਪੁਸਤਕ ਦਾ ਰੂਪ ਦਿੱਤਾ ਗਿਆ ਹੈ।

ਇਹ ਪਾਠ–ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡਾਇਰੈਕਟਰ ਅਕਾਦਮਿਕ ਸ੍ਰੀਮਤੀ ਮਨਜੀਤ ਕੌਰ ਦੀ ਅਗਵਾਈ ਹੇਠ ਸ੍ਰੀਮਤੀ ਪਰਮਿੰਦਰ ਕੌਰ ਵਿਸ਼ਾ–ਮਾਹਰ ਵੱਲੋਂ ਡਾ. ਵਰਿੰਦਰਜੀਤ ਵਾਤਿਸ਼, ਸ੍ਰੀ ਜਸਵੀਰ ਸਿੰਘ ਲੰਗੜੋਆ, ਸ੍ਰੀਮਤੀ ਆਸ਼ਾ ਪੁਰੀ, ਸ੍ਰੀ ਕਰਮਜੀਤ ਸਿੰਘ ਗਰੇਵਾਲ, ਸ੍ਰੀਮਤੀ ਸੁਨੀਲਮ ਮੰਡ ਅਤੇ ਸ੍ਰੀ ਅਮਰੀਕ ਸਿੰਘ ਅਤੇ ਐੱਸ.ਸੀ.ਈ.ਆਰ.ਟੀ. ਪੰਜਾਬ ਤੋਂ ਵਿਸ਼ਾ–ਮਾਹਰ ਸ੍ਰੀ ਰਣਬੀਰ ਸਿੰਘ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਇਸ ਪਾਠ–ਪੁਸਤਕ ਦੀ ਸੁਧਾਈ ਵਿੱਚ ਸਿੱਖਿਆ ਵਿਭਾਗ ਚੰਡੀਗੜ੍ਹ ਤੋਂ ਡਾ.ਰਾਜਿੰਦਰ ਸਿੰਘ ਕੰਬੋਜ ਅਤੇ ਸ੍ਰੀ ਰਵਿੰਦਰ ਮੋਹਨ ਸ਼ਰਮਾ ਨੇ ਵਡਮੁੱਲਾ ਯੋਗਦਾਨ ਪਾਇਆ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ, ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ–ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**

# ਤਤਕਰਾ


| ਲੜੀ ਨੰ. | ਪਾਠ ਦਾ ਨਾਮ | ਸਾਹਿਤ ਰੂਪ | ਲੇਖਕ ਦਾ ਨਾਮ | ਪੰਨਾ ਨੰ. |
|---|---|---|---|---|
| 1 | ਪੰਜਾਬ ਦੀ ਮਿੱਟੀ | ਕਵਿਤਾ | ਸਰਦਾਰ ਅੰਜੁਮ | 1 |
| 2 | ਚਿੱਟਾ ਮੇਮਣਾ | ਕਹਾਣੀ | ਜਸਬੀਰ ਭੁੱਲਰ | 2 |
| 3 | ਸਮਾਜ-ਸੇਵਕ | ਲੇਖ | ਤ੍ਰਿਲੋਚਨ ਸਿੰਘ ਤਰਸੀ | 5 |
| 4 | ਬੱਚੇ | ਕਵਿਤਾ | ਸੁਨੀਲਮ ਮੰਡ | 9 |
| 5 | ਪਿੰਡ ਦਾ ਮੋਹ | ਕਹਾਣੀ | ਦਰਸ਼ਨ ਸਿੰਘ ਬਨੂੜ | 11 |
| 6 | ਟੈਲੀਫੋਨ | ਲੇਖ | ਡਾ.ਹਰਦਿੱਤ ਸਿੰਘ ਸੁਤੰਤਰ | 16 |
| 7 | ਗੁਰੂ ਰਵਿਦਾਸ ਜੀ | ਜੀਵਨੀ | ਜਸਵੀਰ ਕੌਰ | 19 |
| 8 | ਚਿੜੀ ਦਾ ਬੋਟ | ਕਹਾਣੀ | ਡਾ.ਰਾਜਿੰਦਰ ਸਿੰਘ | 22 |
| 9 | ਯਾਤਰਾ: ਸ੍ਰੀ ਅਮਰਨਾਥ | ਯਾਤਰਾ | ਅਮਰੀਕ ਸਿੰਘ ਦਿਆਲ | 25 |
| 10 | ਰੁੱਤ-ਚੱਕਰ | ਕਵਿਤਾ | ਸਮਸ਼ੇਰ ਨਿਰਮਲ | 29 |
| 11 | ਤੀਆਂ ਦਾ ਤਿਉਹਾਰ | ਲੇਖ | ਡਾ.ਅਮਰਜੀਤ ਕੌਰ | 32 |
| 12 | ਪੁਆਧ ਦਾ ਮਹਾਨ ਸ਼ਹੀਦ — ਕਾਂਸ਼ੀ ਰਾਮ | ਜੀਵਨੀ | ਮਨਮੋਹਨ ਸਿੰਘ ਦਾਊਂ | 36 |
| 13 | ਬਾਲਾਂ ਲਈ ਸਿੱਖਿਆ | ਕਵਿਤਾ | ਧਨੀ ਰਾਮ ਚਾਤ੍ਰਿਕ | 40 |
| 14 | ਹਰਿਆਵਲ | ਕਹਾਣੀ | ਦਰਸ਼ਨ ਸਿੰਘ ਬਨੂੜ | 42 |
| 15 | ਪਿੰਜੌਰ ਬਾਗ਼ | ਲੇਖ | ਕਰਨੈਲ ਸਿੰਘ ਸੋਮਲ | 46 |
| 16 | ਮਹਾਨ ਇਲਕਲਾਬੀ — ਸੁਭਾਸ਼ ਚੰਦਰ ਬੋਸ | ਜੀਵਨੀ | ਡਾ. ਦੀਪਕ ਮਨਮੋਹਨ ਸਿੰਘ | 49 |
| 17 | ਜਾਵਾਂ ਰੋਜ਼ ਸਕੂਲ ਨੂੰ | ਕਵਿਤਾ | ਕਰਮਜੀਤ ਸਿੰਘ ਗਰੇਵਾਲ | 53 |
| 18 | ਨਕਲ ਕਰੋ ਪਰ ਕੀਹਦੀ? | ਸਿੱਖਿਆ-ਸੰਦੇਸ਼ | ਕਰਨੈਲ ਸਿੰਘ ਸੋਮਲ | 56 |
| 19 | ਭਾਰਤ ਦਾ ਲਾਲ | ਇਕਾਂਗੀ | ਡਾ. ਹਰਚਰਨ ਸਿੰਘ | 61 |

ਪਾਠ
1



# ਪੰਜਾਬ ਦੀ ਮਿੱਟੀ



ਇਹਦਾ ਰੰਗ ਸੰਧੂਰੀ ਹੈ, ਇਹ ਗੋਰੀ ਚਿੱਟੀ ਹੈ,
ਇਹਨੂੰ ਮੈਲ਼ੀ ਨਾ ਕਰਨਾ, ਮੇਰੇ ਪੰਜਾਬ ਦੀ ਮਿੱਟੀ ਹੈ।
ਇਸ ਮਿੱਟੀ ਵਿੱਚ ਕੋਈ ਕੁੜੱਤਣ, ਕਿੱਦਾਂ ਕੋਈ ਉਗਾਵੇ,
ਇਹ ਮਿੱਟੀ ਤੇ ਘਰ-ਘਰ ਜਾ ਕੇ, ਪਿਆਰ ਦਾ ਬੂਟਾ ਲਾਵੇ।
ਪੁੱਛ ਲਓ ਫ਼ਕੀਰਾਂ ਤੋਂ, ਇਹਦੀ ਬਾਣੀ ਮਿੱਠੀ ਹੈ,
ਇਸ ਨੂੰ ਮੈਲ਼ੀ ਨਾ ਕਰਨਾ, ਮੇਰੇ ਪੰਜਾਬ ਦੀ ਮਿੱਟੀ ਹੈ।
ਕਰੋ ਦੁਆ ਕਦੇ ਇਸ ਮਿੱਟੀ 'ਤੇ, ਉਹ ਮੌਸਮ ਨਾ ਆਵੇ,
ਇਸ 'ਚੋਂ ਉੱਗਿਆ ਹਰ ਕੋਈ ਸੂਰਜ ਕਾਲ਼ਖ ਹੀ ਬਣ ਜਾਵੇ।
ਰੱਬ ਦੇ ਘਰ ਤੋਂ 'ਅੰਜੁਮ' ਆਈ ਇਹ ਚਿੱਠੀ ਹੈ,
ਇਹਨੂੰ ਮੈਲ਼ੀ ਨਾ ਕਰਨਾ, ਮੇਰੇ ਪੰਜਾਬ ਦੀ ਮਿੱਟੀ ਹੈ।

## ਅਭਿਆਸ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਇਸ ਕਵਿਤਾ ਵਿੱਚ ਕਿਸ ਪ੍ਰਾਂਤ ਦਾ ਜਿਕਰ ਹੈ ?
2. 'ਪੰਜਾਬ ਦੀ ਮਿੱਟੀ' ਕਵਿਤਾ ਦਾ ਕਵੀ ਕੌਣ ਹੈ ?
3. ਭਾਵ-ਅਰਥ ਲਿਖੋ:

   ਇਹ ਮਿੱਟੀ ਤੇ ਘਰ-ਘਰ ਜਾ ਕੇ ਪਿਆਰ ਦਾ ਬੂਟਾ ਲਾਵੇ।

**ਅਧਿਆਪਕ ਲਈ**

- ਬੱਚਿਓ! ਟੋਲੀ ਬਣਾ ਕੇ ਇਹ ਕਵਿਤਾ ਜਮਾਤ ਵਿੱਚ ਸੁਣਾਓ।
- ਪੰਜਾਬ ਦੀ ਮਹਾਨਤਾ ਬਾਰੇ ਹੋਰ ਜਾਣਕਾਰੀ ਬੱਚਿਆਂ ਨੂੰ ਦਿੱਤੀ ਜਾਵੇ।

ਪਾਠ 2

# ਚਿੱਟਾ ਮੇਮਣਾ



ਚਿੱਟਾ ਮੇਮਣਾ ਬੜਾ ਮਨਮੌਜੀ ਸੀ। ਉਹ ਸਾਰਾ ਦਿਨ ਤਿਤਲੀਆਂ ਅਤੇ ਫੁੱਲਾਂ ਨਾਲ਼ ਖੇਡਦਾ ਰਹਿੰਦਾ। ਉਹ ਦੂਰ ਪਹਾੜਾਂ ਵੱਲ ਵੀ ਵੇਖਦਾ। ਉੱਥੇ ਸੰਘਣਾ ਜੰਗਲ਼ ਸੀ। ਉੱਥੇ ਪਹਾੜਾਂ ਉੱਤੇ ਬਰਫ਼ ਵੀ ਸੀ। ਚਿੱਟੇ ਮੇਮਣੇ ਦੀ ਮਾਂ ਅੱਖਾਂ ਮੀਚੀ ਅਰਾਮ ਕਰ ਰਹੀ ਸੀ। ਚਿੱਟੇ ਮੇਮਣੇ ਨੇ ਬਰਫ਼ੀਲੇ ਪਹਾੜ ਦੀ ਟੀਸੀ ਵੱਲ ਵੇਖਿਆ। ਉਹ ਉਸ ਪਹਾੜ ਦੀ ਟੀਸੀ ਉੱਤੇ ਚੜ੍ਹਨਾ ਚਾਹੁੰਦਾ ਸੀ। ਇੱਕ ਦਿਨ ਚਿੱਟੇ ਮੇਮਣੇ ਨੇ ਬੱਕਰੀ-ਮਾਂ ਨੂੰ ਇੱਛਾ ਦੱਸੀ ਕਿ ਉਹ ਪਹਾੜ ਦੀ ਟੀਸੀ ਉੱਤੇ ਚੜ੍ਹ ਕੇ ਵੇਖਣਾ ਚਾਹੁੰਦਾ ਹੈ। ਬੱਕਰੀ ਮਾਂ ਨੇ ਚਿੱਟੇ ਮੇਮਣੇ ਨੂੰ ਝਿੜਕਿਆ। ਉੱਥੇ ਪਹਾੜ ਦੀ ਟੀਸੀ ਉੱਤੇ ਕੋਈ ਨਹੀਂ ਸੀ ਜਾਂਦਾ। ਰਾਹ ਵਿੱਚ ਬਹੁਤ ਖ਼ਤਰੇ ਸਨ। ਚਿੱਟੇ ਮੇਮਣੇ ਵਿੱਚ ਬਹੁਤ ਜੋਸ਼ ਸੀ।

ਇੱਕ ਦਿਨ ਭੇਡਾਂ ਅਤੇ ਬੱਕਰੀਆਂ ਘਾਹ ਚਰ ਰਹੀਆਂ ਸਨ। ਉਹ ਆਪਣੇ ਧਿਆਨ ਘਾਹ ਚਰਦੀਆਂ, ਇੱਧਰ-ਉੱਧਰ ਖਿੱਲਰ ਗਈਆਂ। ਚਿੱਟਾ ਮੇਮਣਾ ਪਹਾੜਾਂ ਵੱਲ ਤੁਰ ਪਿਆ। ਉਹ ਵੇਖਣਾ ਚਾਹੁੰਦਾ ਸੀ ਕਿ ਸਿਖਰ ਉੱਤੇ ਖਲੋ ਕੇ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ। ਚਿੱਟਾ ਮੇਮਣਾ ਤੁਰਿਆ ਗਿਆ, ਤੁਰਿਆ ਗਿਆ। ਰਾਹ ਵਿੱਚ ਇੱਕ ਪਹਾੜੀ ਨਦੀ ਆਈ। ਚਿੱਟੇ ਮੇਮਣੇ ਨੇ ਪੱਥਰਾਂ ਉੱਤੇ ਟਪੂਸੀਆਂ ਮਾਰਦਿਆਂ ਨਦੀ ਪਾਰ ਕਰ ਲਈ। ਨਦੀ ਵਿੱਚ ਤਰ ਰਹੀਆਂ ਮੱਛੀਆਂ ਬਤਕਾਂ ਅਤੇ ਡੱਡੂਆਂ ਨੇ ਹੈਰਾਨ ਹੋ ਕੇ ਉਹਦੇ ਵੱਲ ਵੇਖਿਆ। ਜੰਗਲ਼ ਵਿੱਚ ਪਹੁੰਚ ਕੇ ਚਿੱਟੇ ਮੇਮਣੇ ਨੇ ਰੁੱਖਾਂ ਉੱਤੇ ਬਾਂਦਰ ਵੇਖੇ। ਉਹ ਆਪਸ ਵਿੱਚ ਖੇਡਾਂ ਕਰ ਰਹੇ ਸਨ। ਰੁੱਖਾਂ ਦੇ ਪੱਤਿਆਂ ਵਿੱਚ ਪੰਛੀ ਚਹਿਚਹਾ ਰਹੇ ਸਨ। ਉਹਨਾਂ ਸਾਰਿਆਂ ਨੇ ਦੱਸਿਆ ਕਿ ਪਹਾੜ ਦਾ ਰਾਹ ਖ਼ਤਰਿਆਂ ਭਰਿਆ ਸੀ। ਜੰਗਲ਼ ਹੋਰ ਸੰਘਣਾ ਹੋਈ ਗਿਆ। ਚਿੱਟਾ ਮੇਮਣਾ ਫੇਰ ਵੀ ਤੁਰਿਆ ਹੀ ਗਿਆ।



ਚਿੱਟਾ ਮੇਮਣਾ

ਜੰਗਲ਼ ਵਿੱਚ ਰਾਤ ਹੋ ਗਈ। ਠੰਢ ਵੀ ਵਧ ਗਈ। ਚਿੱਟੇ ਮੇਮਣੇ ਨੇ ਰਿੱਛ ਦੀ ਘੁਰ-ਘੁਰ ਸੁਣੀ। ਉਹਨੂੰ ਡਰ ਲੱਗਾ। ਉਹ ਇੱਕ ਝਾੜੀ ਓਹਲੇ ਲੁਕ ਗਿਆ। ਅਗਲੀ ਸਵੇਰ ਚਿੱਟਾ ਮੇਮਣਾ ਉੱਥੋਂ ਤੁਰ ਪਿਆ। ਬੱਦਲ਼ਾਂ ਨੂੰ ਪਿੱਛੇ ਛੱਡਦਾ ਉਹ ਤਿੱਖੀਆਂ ਚੜ੍ਹਾਈਆਂ ਚੜ੍ਹਦਾ ਗਿਆ। ਉੱਡਦੇ ਪੰਛੀਆਂ ਨੇ ਉਹਨੂੰ ਹੌਸਲਾ ਦਿੱਤਾ। ਉੱਪਰਲੇ ਪਹਾੜਾਂ ਉੱਤੇ ਬਰਫ਼ ਹੀ ਬਰਫ਼ ਸੀ। ਚਿੱਟਾ ਮੇਮਣਾ ਠੰਢ ਨਾਲ਼ ਕੰਬਣ ਲੱਗ ਪਿਆ। ਉਹਨੂੰ ਬਰਫ਼ ਵਿੱਚ ਤੁਰਿਆ ਫਿਰਦਾ ਇੱਕ ਯਾਕ ਮਿਲ਼ਿਆ। ਯਾਕ ਨੇ ਆਖਿਆ, "ਮੇਮਣਿਆ! ਤੂੰ ਹਿੰਮਤ ਨਾ ਹਾਰੀਂ, ਬੱਸ ਤੁਰਦਾ ਰਹੀਂ।" ਬਰਫ਼ੀਲੀਆਂ ਹਵਾਵਾਂ ਵਗਣ ਲੱਗ ਪਈਆਂ। ਚਿੱਟੇ ਮੇਮਣੇ ਦਾ ਸਫ਼ਰ ਹੋਰ ਵੀ ਔਖਾ ਹੋ ਗਿਆ। ਉਹ ਫੇਰ ਵੀ ਰੁਕਿਆ ਨਹੀਂ। ਪਹਾੜ ਦੇ ਸਿਖਰ ਤਕ ਪਹੁੰਚਣ ਲਈ ਉਹ ਦ੍ਰਿੜ੍ਹ ਇਰਾਦੇ ਨਾਲ਼ ਤੁਰਿਆ ਗਿਆ। ਮੰਜ਼ਲ ਉੱਤੇ ਪਹੁੰਚ ਕੇ ਚਿੱਟਾ ਮੇਮਣਾ ਬੋਲਿਆ, "ਬੱਲੇ! ਬੱਲੇ.... ਮੈਂ ਤਾਂ

ਚੜ੍ਹ ਗਿਆ ਪਹਾੜਾਂ ਦੀ ਟੀਸੀ ਉੱਤੇ।" ਚਿੱਟਾ ਮੇਮਣਾ ਉਸ ਵੇਲ਼ੇ ਅੰਬਰ ਨੂੰ ਵੀ ਛੂਹ ਸਕਦਾ ਸੀ। ਸਾਰੇ ਜਨੌਰ ਖ਼ੁਸ਼ੀ ਵਿੱਚ ਨੱਚਣ ਲੱਗ ਪਏ। ਚਿੱਟੇ ਮੇਮਣੇ ਦੀ ਖ਼ੂਬ ਪ੍ਰਸੰਸਾ ਹੋਈ। ਚਿੱਟਾ ਮੇਮਣਾ ਸ਼ਾਨਦਾਰ ਜਿੱਤ ਹਾਸਲ ਕਰ ਕੇ ਮੁੜਿਆ ਸੀ। ਚਿੱਟਾ ਮੇਮਣਾ ਸਾਰੇ ਜੀਵਾਂ ਦਾ ਨਾਇਕ ਬਣ ਗਿਆ। ਸਾਰਿਆਂ ਨੇ ਉਹਨੂੰ ਸੁਗਾਤਾਂ ਦਿੱਤੀਆਂ। ਚਿੱਟੇ ਮੇਮਣੇ ਨੇ ਆਪਣੀ ਬਹਾਦਰੀ ਅਤੇ ਦ੍ਰਿੜ੍ਹਤਾ ਭਰੇ ਕਾਰਨਾਮੇ ਨਾਲ਼ ਸਾਰਿਆਂ ਜੀਵਾਂ ਦਾ ਦਿਲ ਜਿੱਤ ਲਿਆ ਸੀ।

## ਅਭਿਆਸ

### 1. ਠੀਕ ਉੱਤਰ ਅੱਗੇ ਸਹੀ (√)ਦਾ ਨਿਸ਼ਾਨ ਲਾਓ:-

1. ਚਿੱਟਾ ਮੇਮਣਾ ਸਾਰਾ ਦਿਨ ਕਿਨ੍ਹਾਂ ਨਾਲ਼ ਖੇਡਦਾ ਸੀ?
   (ੳ) ਸਾਥੀ ਮੇਮਣਿਆਂ ਨਾਲ਼ (ਅ) ਤਿਤਲੀਆਂ ਅਤੇ ਫੁੱਲਾਂ ਨਾਲ਼
   (ੲ) ਬਾਂਦਰਾਂ ਨਾਲ਼
2. ਚਿੱਟਾ ਮੇਮਣਾ ਕੀ ਚਾਹੁੰਦਾ ਸੀ?
   (ੳ) ਘਾਹ ਚੁਗਣਾ (ਅ) ਦੁੱਧ ਪੀਣਾ
   (ੲ) ਪਹਾੜ ਦੀ ਟੀਸੀ ਉੱਤੇ ਚੜ੍ਹਨਾ
3. ਜੰਗਲ਼ ਵਿੱਚ ਚਿੱਟੇ ਮੇਮਣੇ ਨੇ ਕਿਸ ਦੀ ਘੁਰ-ਘੁਰ ਸੁਣੀ?
   (ੳ) ਰਿੱਛ (ਅ) ਯਾਕ (ੲ) ਬਾਂਦਰ
4. ਉੱਪਰਲੇ ਪਹਾੜਾਂ ਉੱਤੇ ਕੀ ਸੀ?
   (ੳ) ਬਰਫ਼ ਹੀ ਬਰਫ਼ (ਅ) ਸੰਘਣੇ ਰੁੱਖ (ੲ) ਚਟਾਨਾਂ
5. ਮੰਜ਼ਲ ਉੱਤੇ ਪਹੁੰਚ ਕੇ ਚਿੱਟਾ ਮੇਮਣਾ ਕੀ ਬੋਲਿਆ?
   (ੳ) ਓ-ਹੋ (ਅ) ਹਾਏ-ਹਾਏ (ੲ) ਬੱਲੇ ! ਬੱਲੇ......

### 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ

1. ਚਿੱਟੇ ਮੇਮਣੇ ਨੇ ਕਿਸ ਨੂੰ ਆਪਣੀ ਇੱਛਾ ਦੱਸੀ?
2. ਚਿੱਟਾ ਮੇਮਣਾ ਕਿੱਧਰ ਤੁਰ ਪਿਆ?
3. ਨਦੀ ਵਿੱਚ ਕਿਹੜੇ ਜੀਵ ਤਰ ਰਹੇ ਸਨ?
4. ਚਿੱਟਾ ਮੇਮਣਾ ਕਿਉਂ ਕੰਬਣ ਲੱਗ ਪਿਆ?
5. ਚਿੱਟਾ ਮੇਮਣਾ ਸਾਰੇ ਜੀਵਾਂ ਦਾ ਕੀ ਬਣ ਗਿਆ ਸੀ?

### 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ:-

1. ਚਿੱਟੇ ਮੇਮਣੇ ਦਾ ਸੁਭਾਅ ਕਿਹੋ- ਜਿਹਾ ਸੀ?
2. ਬੱਕਰੀ- ਮਾਂ ਨੇ ਮੇਮਣੇ ਨੂੰ ਕੀ ਕਿਹਾ?
3. ਚਿੱਟੇ ਮੇਮਣੇ ਨੇ ਨਦੀ ਕਿਵੇਂ ਪਾਰ ਕੀਤੀ?
4. ਚਿੱਟੇ ਮੇਮਣੇ ਨੂੰ ਯਾਕ ਨੇ ਕੀ ਕਿਹਾ?
5. ਚਿੱਟੇ ਮੇਮਣੇ ਨੇ ਸਾਰੇ ਜੀਵਾਂ ਦਾ ਦਿਲ ਕਿਵੇਂ ਜਿੱਤਿਆ?

## 4. ਵਾਕਾਂ ਵਿੱਚ ਵਰਤੋ:

ਮਨਮੌਜੀ, ਇੱਛਾ, ਸੰਘਣਾ, ਮੰਜ਼ਲ, ਦ੍ਰਿੜ੍ਹ ਇਰਾਦਾ

## 5. ਖ਼ਾਲੀ ਥਾਂਵਾਂ ਭਰੋ:-

1. ਚਿੱਟੇ ਮੇਮਣੇ ਦੀ ਮਾਂ .........ਅਰਾਮ ਕਰ ਰਹੀ ਸੀ।
2. ਇੱਕ ਦਿਨ ਭੇਡਾਂ ਅਤੇ ...........ਘਾਹ ਚਰ ਰਹੀਆਂ ਸਨ।
3. ਜੰਗਲ਼ ਵਿੱਚ ਪਹੁੰਚ ਕੇ ਚਿੱਟੇ ਮੇਮਣੇ ਨੇ ਰੁੱਖਾਂ ਉੱਤੇ .........ਦੇਖੇ।
4. ਬੱਦਲ਼ਾਂ ਨੂੰ ਪਿੱਛੇ ਛੱਡਦਾ ਉਹ .........ਚੜ੍ਹਦਾ ਗਿਆ।
5. ਚਿੱਟਾ ਮੇਮਣਾ ...........ਹਾਸਲ ਕਰਕੇ ਮੁੜਿਆ।

## 6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ:-

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਜੰਗਲ਼ | ............. | ............. |
| ਘਾਹ | ............. | ............. |
| ਰੁੱਖ | ............. | ............. |
| ਨਾਇਕ | ............. | ............. |
| ਚਿੱਟਾ | ............. | ............. |

## 7. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ:-

ਆਰਾਮ, ਠੰਡ, ਮੰਜਲ, ਪਰਸੰਸਾ, ਦਰਿੜਤਾ

**ਅਧਿਆਪਕ ਲਈ**

ਅਧਿਆਪਕ ਵਿਦਿਆਰਥੀਆਂ ਨੂੰ ਦ੍ਰਿੜ੍ਹ ਇਰਾਦੇ ਅਤੇ ਨਿਸ਼ਾਨਾ ਮਿਥ ਕੇ ਚੱਲਣ ਵਾਲ਼ੀ ਅਜਿਹੀ ਹੋਰ ਕਹਾਣੀ ਸੁਣਾ ਕੇ ਪ੍ਰੇਰਿਤ ਕਰਨ।

* * *



ਪਾਠ 3

# ਸਮਾਜ-ਸੇਵਕ

ਕਈ ਮੇਲਿਆਂ ਵਿੱਚ ਨੀਲੀ ਵਰਦੀ ਵਾਲ਼ੇ ਕੁਝ ਮੁੰਡੇ ਸੇਵਾ ਕਰਦੇ ਨਜ਼ਰ ਆਉਂਦੇ ਹਨ। ਅਨੰਦਪੁਰ ਸਾਹਿਬ ਦਾ ਹੋਲਾ ਹੋਵੇ ਭਾਵੇਂ ਮੁਕਤਸਰ ਸਾਹਿਬ ਦਾ ਮਾਘੀ ਦਾ ਮੇਲਾ ਤੇ ਫ਼ਤਿਹਗੜ੍ਹ ਸਾਹਿਬ ਦਾ ਸ਼ਹੀਦੀ ਜੋੜ-ਮੇਲਾ ਜਾਂ ਕੁੰਭ ਦਾ ਮੇਲਾ। ਇਹ ਮੁੰਡੇ ਯਾਤਰੀਆਂ ਦੀ ਸਹਾਇਤਾ ਕਰਨ ਲਈ ਹਰ ਥਾਂ ਤਿਆਰ ਮਿਲ਼ਨਗੇ। ਇਸਤਰੀਆਂ ਦੀ ਸਹਾਇਤਾ ਲਈ ਕੁਝ ਕੁੜੀਆਂ ਵੀ ਖਲੋਤੀਆਂ ਮਿਲ਼ਦੀਆਂ ਹਨ।

"ਮਾਤਾ ਜੀ ! ਬੀਬੀਆਂ ਦੇ ਲਈ ਇਸ਼ਨਾਨ - ਘਰ ਏਧਰ ਹੈ ? ਕੋਈ ਕੁੜੀ ਕਹੇਗੀ।"

"ਬਾਬਾ ਜੀ ਪ੍ਰਸ਼ਾਦ ਲਈ ਪਰਚੀ ਉੱਥੋਂ ਕਟਵਾਓ," ਕੋਈ ਹੋਰ ਮੁੰਡਾ ਦੱਸ ਰਿਹਾ ਨਜ਼ਰ ਆਵੇਗਾ।

"ਕਾਕਾ ਕੀ ਗੱਲ ? ਕਿਉਂ ਰੋ ਰਿਹਾ ਏਂ ?" ਕਿਸੇ ਰੋਂਦੇ ਬੱਚੇ ਨੂੰ ਆਪਣੇ ਮਾਤਾ-ਪਿਤਾ ਨਾਲ਼ੋਂ ਵੱਖ ਹੋਇਆ ਵੇਖ ਕੇ ਕੋਈ ਮੁੰਡਾ ਉਸ ਕੋਲ਼ੋਂ ਪਿਆਰ ਨਾਲ਼ ਪੁੱਛੇਗਾ ਅਤੇ ਫਿਰ ਉਹਨੂੰ ਉਸ ਤੰਬੂ ਵਿੱਚ ਲੈ ਜਾਵੇਗਾ ਜਿੱਥੋਂ ਗੁਆਚੇ ਬੱਚਿਆਂ ਬਾਰੇ ਲਾਊਡਸਪੀਕਰ ਰਾਹੀਂ ਦੱਸਿਆ ਜਾਂਦਾ ਹੈ।



ਕਿਸੇ ਮੁਸਾਫ਼ਰ ਨੂੰ ਸੱਟ ਲੱਗ ਜਾਵੇ ਤਾਂ ਇਹਨਾਂ ਮੁੰਡਿਆਂ ਜਾਂ ਕੁੜੀਆਂ ਵਿੱਚੋਂ ਕੋਈ ਇੱਕ ਉਸ ਮੁਸਾਫ਼ਰ ਨੂੰ ਮੁਢਲੀ ਡਾਕਟਰੀ ਸਹਾਇਤਾ ਵਾਲ਼ੇ ਤੰਬੂ ਤਕ ਲੈ ਜਾਵੇਗਾ। ਇੰਞ ਇਹ ਸਕੂਲਾਂ ਦੇ ਬੱਚੇ ਥਾਂ-ਥਾਂ 'ਤੇ ਦੂਜਿਆਂ ਦੀ ਸਹਾਇਤਾ ਕਰਨ ਲਈ ਤਿਆਰ ਮਿਲ਼ਨਗੇ। ਕਿਸੇ ਭੁੱਲੇ -ਭਟਕੇ ਨੂੰ ਰਾਹ ਵਿਖਾਉਣਾ ਹੋਵੇ, ਕਿਸੇ ਦਾ ਕੋਈ ਸੰਬੰਧੀ ਗੁਆਚ ਗਿਆ ਹੋਵੇ, ਕਿਧਰੇ ਨਿੱਕੀ-ਮੋਟੀ ਦੁਰਘਟਨਾ ਹੋ ਗਈ ਹੋਵੇ ਜਾਂ ਕਿਸੇ ਹੋਰ ਕਾਰਨ ਮੇਲਿਆਂ ਵਰਗੇ ਇਕੱਠਾਂ ਵਿੱਚ ਡਾਕਟਰੀ ਸਹਾਇਤਾ ਦੀ ਲੋੜ ਪੈ ਜਾਏ, ਇਹ ਬੱਚੇ ਲੋੜਵੰਦਾਂ ਦੀ ਸਹਾਇਤਾ ਲਈ ਤਿਆਰ ਮਿਲ਼ਨਗੇ। ਸੇਵਾ ਕਰਦਿਆਂ ਨਾ ਇਹ ਲੋੜਵੰਦਾਂ ਦੇ ਧਰਮ ਦਾ ਵਿਚਾਰ ਕਰਦੇ ਹਨ, ਨਾ ਜਾਤ ਦਾ ਅਤੇ ਨਾ ਹੀ ਕੋਈ ਹੋਰ ਭੇਦ-ਭਾਵ ਕਰਦੇ

ਹਨ। ਇਹਨਾਂ ਲਈ ਸਾਰੇ ਮਨੁੱਖ ਭੈਣ- ਭਰਾ ਹਨ। ਸਾਰਿਆਂ ਦੀ ਸਹਾਇਤਾ ਕਰਨਾ ਇਹਨਾਂ ਦਾ ਧਰਮ ਹੈ। ਲੋੜਵੰਦਾਂ ਦੀ ਸੇਵਾ ਕਰਨੀ ਇਹ ਆਪਣਾ ਫ਼ਰਜ਼ ਸਮਝਦੇ ਹਨ।

ਇਹ ਬੱਚੇ ਦੇਸ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨ ਵਾਲ਼ੇ ਹੁੰਦੇ ਹਨ। ਆਪਣੀ ਪੜ੍ਹਾਈ ਵੀ ਕਰਦੇ ਹਨ ਤੇ ਵਿਹਲੇ ਸਮੇਂ ਸਾਰਿਆਂ ਦੀ ਸਹਾਇਤਾ ਵੀ ਕਰਦੇ ਹਨ। ਗੱਲਾਂ ਕਰਦਿਆਂ ਇਹ ਬੜੇ ਪਿਆਰ ਨਾਲ਼ ਬੋਲਦੇ ਹਨ। ਇਹ ਤਾਂ ਆਪਣੇ ਕੰਮ ਦੇ ਬਦਲੇ ਵਿੱਚ ਸ਼ਾਬਾਸ਼ ਦੀ ਵੀ ਆਸ ਨਹੀਂ ਕਰਦੇ। ਇਹਨਾਂ ਬੱਚਿਆਂ ਨੇ ਆਪਣੇ ਦੇਸ ਪ੍ਰਤਿ ਆਪਣਾ ਫ਼ਰਜ਼ ਪੂਰਾ ਕਰਨ ਦਾ ਵਚਨ ਦਿੱਤਾ ਹੁੰਦਾ ਹੈ। ਇਹ ਸਾਰੇ ਸਮਾਜ- ਸੇਵਕ ਹੁੰਦੇ ਹਨ। ਮੁੰਡਿਆਂ ਨੂੰ ਸਕਾਊਟ ਕਿਹਾ ਜਾਂਦਾ ਹੈ ਅਤੇ ਕੁੜੀਆਂ ਨੂੰ ਗਾਈਡ । ਛੋਟੀ-ਛੋਟੀ ਉਮਰ ਦੇ ਅਜਿਹੇ ਸਮਾਜ-ਸੇਵੀ ਬੱਚਿਆਂ ਨੂੰ ਕੱਬ ਤੇ ਬੁਲਬੁਲਾਂ ਕਿਹਾ ਜਾਂਦਾ ਹੈ। ਸਕਾਊਟ, ਗਾਈਡ ਅਤੇ ਇਸ ਸੰਸਥਾ ਨਾਲ਼ ਸੰਬੰਧ ਰੱਖਣ ਵਾਲ਼ੇ ਹੋਰ ਸਾਰੇ ਮੁੰਡੇ ਅਤੇ ਕੁੜੀਆਂ ਅਸਲ ਵਿੱਚ ਚੰਗਾ ਜੀਵਣ ਜਿਊਂਣਾ ਹੀ ਸਿੱਖ ਰਹੇ ਹੁੰਦੇ ਹਨ। ਇਸ ਕਰਕੇ ਇਹ ਹਰ ਥਾਂ 'ਤੇ ਆਪਣੇ ਨਾਲ਼ੋਂ ਪਹਿਲੋਂ ਦੂਜਿਆਂ ਦੀਆਂ ਲੋੜਾਂ ਪੂਰੀਆਂ ਕਰਨ ਵੱਲ ਧਿਆਨ ਦਿੰਦੇ ਹਨ। ਸਕਾਊਟਾਂ ਅਤੇ ਗਾਈਡਾਂ ਨੇ ਸਹੁੰ ਚੁੱਕੀ ਹੁੰਦੀ ਹੈ ਕਿ ਉਹ ਹਰ ਰੋਜ਼ ਘੱਟ ਤੋਂ ਘੱਟ ਇੱਕ ਚੰਗਾ ਕੰਮ ਜ਼ਰੂਰ ਕਰਨਗੇ। ਇਸ ਸਹੁੰ ਨੂੰ ਯਾਦ ਰੱਖਣ ਲਈ ਉਹ ਆਪਣੇ ਗਲ਼ ਵਿੱਚ ਬੰਨ੍ਹੇ ਹੋਏ ਰੁਮਾਲ ਨੂੰ ਇੱਕ ਗੰਢ ਦੇ ਲੈਂਦੇ ਹਨ। ਉਹ ਗੰਢ ਉਦੋਂ ਹੀ ਖੋਲ੍ਹਦੇ ਹਨ ਜਦੋਂ ਕੋਈ ਚੰਗਾ ਕੰਮ ਕਰ ਲੈਣ । ਸਕਾਊਟਾਂ ਅਤੇ ਗਾਈਡਾਂ ਦੀਆਂ ਵਰਦੀਆਂ ਵੱਖ- ਵੱਖ ਤਰ੍ਹਾਂ ਦੀਆਂ ਹੁੰਦੀਆਂ ਹਨ ਪਰ ਕੰਮ ਇੱਕੋ ਹੁੰਦਾ ਹੈ- ਦੂਜਿਆਂ ਦੀ ਸੇਵਾ ਕਰਨਾ। ਉਹ ਇਸ ਲਈ ਕੋਈ ਸੇਵਾ- ਫਲ਼ ਵੀ ਨਹੀਂ ਲੈਂਦੇ।



ਸਕਾਊਟ-ਲਹਿਰ ਸਭ ਤੋਂ ਪਹਿਲਾਂ ਇੰਗਲੈਂਡ ਦੇ ਇੱਕ ਫ਼ੌਜੀ ਅਫ਼ਸਰ ਸਰ ਬੇਡਿਨ ਪਾਵੇਲ ਨੇ ਸ਼ੁਰੂ ਕੀਤੀ ਸੀ। ਉਹਨਾਂ ਨੇ 1908 ਈ: ਵਿੱਚ ਸਕਾਊਟ ਲਹਿਰ ਬਾਰੇ ਇੱਕ ਪੁਸਤਕ ਲਿਖੀ।

ਇਸ ਤੋਂ ਪਹਿਲਾਂ ਸ੍ਰੀ ਪਾਵੇਲ ਇੱਕੀ ਮੁੰਡਿਆਂ ਨਾਲ਼ ਸੰਸਾਰ ਦਾ ਪਹਿਲਾ ਸਕਾਊਟ-ਕੈਂਪ ਲਾ ਚੁੱਕੇ ਸਨ। ਇਹ ਪੁਸਤਕ ਉਹਨਾਂ ਦੇ ਨਿੱਜੀ ਤਜਰਬਿਆਂ ਦਾ ਨਿਚੋੜ ਸੀ। ਇਸ ਪੁਸਤਕ ਨੂੰ ਪੜ੍ਹ ਕੇ ਹਜ਼ਾਰਾਂ ਮੁੰਡੇ ਇਸ ਲਹਿਰ ਵਿੱਚ ਭਰਤੀ ਹੋਣ ਲਈ ਤਿਆਰ ਹੋ ਗਏ । ਭਾਰਤ ਵਿੱਚ 1909 ਈ: ਵਿੱਚ ਪਹਿਲੀ ਵਾਰ ਕੁਝ ਵਿਦਿਆਰਥੀ ਸਕਾਊਟ ਬਣੇ।

ਸਕਾਊਟਾਂ ਨੂੰ ਆਪਣਾ ਵਿਹਲਾ ਸਮਾਂ ਚੰਗੇ ਢੰਗ ਨਾਲ਼ ਬਿਤਾਉਣ ਦੀ ਜਾਚ ਸਿਖਾਈ ਜਾਂਦੀ ਹੈ। ਉਹ ਆਪਣੀ ਰੁਚੀ ਅਨੁਸਾਰ ਆਪਣਾ ਅਤੇ ਹੋਰਨਾਂ ਦਾ ਮਨ -ਪਰਚਾਵਾ ਵੀ ਕਰਦੇ ਹਨ ਅਤੇ ਸਮਾਜ ਦੀ ਸੇਵਾ ਕਰਦੇ ਹੋਏ ਚੰਗੇ ਸ਼ਹਿਰੀ ਬਣਨਾ ਸਿੱਖਦੇ ਹਨ।

ਸਕਾਊਟ-ਕੈਂਪ ਅਤੇ ਰੈਲੀਆਂ ਵਿੱਚ ਮਨ-ਪਰਚਾਵੇ ਤੋਂ ਬਿਨਾਂ ਮੁਢਲੀ ਡਾਕਟਰੀ ਸਹਾਇਤਾ ਕਰਨੀ ਸਿਖਾਈ ਜਾਂਦੀ ਹੈ।ਮੁਸੀਬਤ ਵੇਲ਼ੇ ਕਿਸੇ ਦੀ ਮਦਦ ਕਿਵੇਂ ਕੀਤੀ ਜਾਵੇ— ਵਿਸ਼ੇਸ਼ ਰੂਪ ਵਿੱਚ ਅੱਗ ਲੱਗ ਜਾਣ ਸਮੇਂ, ਹੜ੍ਹਾਂ ਵੇਲ਼ੇ ਜਾਂ ਭੁਚਾਲ਼ਾਂ ਸਮੇਂ । ਅਜਿਹੇ ਸਮੇਂ ਸਹਾਇਤਾ ਲਈ ਸਕਾਊਟ ਸਭ ਤੋਂ ਪਹਿਲਾਂ ਪਹੁੰਚਦੇ ਹਨ। ਹਰ ਦੁੱਖ, ਤਕਲੀਫ਼ ਵੇਲੇ ਖਿੜੇ ਮੱਥੇ ਕਿਸ ਤਰ੍ਹਾਂ ਰਿਹਾ ਜਾਵੇ ਆਦਿ ਗੱਲਾਂ ਸਿੱਖ ਕੇ ਬੱਚੇ ਚੰਗੇ ਸ਼ਹਿਰੀ ਬਣਨਯੋਗ ਹੋ ਸਕਦੇ ਹਨ। ਇਹਨਾਂ ਕੈਂਪਾਂ ਵਿੱਚ ਸਕਾਊਟ ਅਤੇ ਲੀਡਰ ਰਾਤ ਵੇਲ਼ੇ ਅੱਗ ਦੇ ਦੁਆਲ਼ੇ ਬੈਠ ਕੇ ਆਪਣੇ -ਆਪਣੇ ਤਜਰਬੇ ਦੱਸਦੇ ਹਨ ਤਾਂਜੋ ਇਹਨਾਂ ਤੋਂ ਹੋਰ

ਸਕਾਊਟ ਵੀ ਸਿੱਖਿਆ ਪ੍ਰਾਪਤ ਕਰ ਸਕਣ। ਚੁਟਕਲਿਆਂ, ਕਹਾਣੀਆਂ ਅਤੇ ਗੀਤ-ਸੰਗੀਤ ਦਾ ਦੌਰ ਚੱਲਦਾ ਹੈ। ਇੰਞ ਮਨ-ਪਰਚਾਵਾ ਵੀ ਹੋ ਜਾਂਦਾ ਹੈ ਅਤੇ ਬੱਚੇ ਚੰਗੀਆਂ- ਚੰਗੀਆਂ ਗੱਲਾਂ ਵੀ ਇਹ ਸਹਿਜ- ਸੁਭਾਅ ਹੀ ਮਨ ਵਿੱਚ ਵਸਾ ਲੈਂਦੇ ਹਨ। ਇਸ ਤਰ੍ਹਾਂ ਆਪਸ ਵਿੱਚ ਇੱਕ-ਦੂਜੇ ਤੋਂ ਸਿੱਖੀਆਂ ਹੋਈਆਂ ਚੰਗੀਆਂ ਆਦਤਾਂ ਦੀ ਵਰਤੋਂ ਸਕਾਊਟ ਸਮਾਜ-ਸੇਵਾ ਲਈ ਕਰਦੇ ਹਨ।

ਸਕੂਲਾਂ ਵਿੱਚ ਸਕਾਊਟ-ਮਾਸਟਰ ਸਕਾਊਟਾਂ ਨੂੰ ਜਥੇਬੰਦ ਕਰਦੇ ਹਨ। ਸਾਰੇ ਸਕੂਲ ਦੇ ਸਕਾਊਟ ਜ਼ਿਲ੍ਹਾ- ਪੱਧਰ ਉੱਤੇ ਅਤੇ ਫਿਰ ਰਾਜ -ਪੱਧਰ ਉੱਤੇ ਵੀ ਇੱਕ-ਦੂਜੇ ਨਾਲ਼ ਸਕਾਊਟ-ਸੰਸਥਾ ਰਾਹੀਂ ਜੁੜੇ ਹੁੰਦੇ ਹਨ। ਇਹ ਸੰਸਥਾ ਰਾਜ-ਪੱਧਰ 'ਤੇ ਹੀ ਸਮਾਪਤ ਨਹੀਂ ਹੋ ਜਾਂਦੀ ਸਗੋਂ ਸਾਰੇ ਦੇਸ ਵਿੱਚ ਫੈਲਦੀ ਹੋਈ ਸਮੁੱਚੇ ਸੰਸਾਰ ਦੇ ਸਕਾਊਟਾਂ ਅਤੇ ਗਾਈਡਾਂ ਨੂੰ ਇੱਕ ਜਥੇਬੰਦੀ ਰਾਹੀਂ ਇੱਕ-ਦੂਜੇ ਦੇ ਨੇੜੇ ਲੈ ਆਉਂਦੀ ਹੈ। ਸੰਸਾਰ ਭਰ ਦੇ ਸਕਾਊਟ ਸੱਚ-ਮੁੱਚ ਹੀ ਸਮਾਜ-ਸੇਵਾ ਕਰਨ ਵਾਲ਼ੇ ਵਧੀਆ ਮਨੁੱਖ ਹਨ।

## ਅਭਿਆਸ

### 1. ਠੀਕ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਾਓ :

1. ਮੇਲਿਆਂ ਵਿੱਚ ਕਿਹੋ-ਜਿਹੀ ਵਰਦੀ ਵਾਲ਼ੇ ਮੁੰਡੇ ਨਜ਼ਰ ਆਉਂਦੇ ਹਨ ?
   (ੳ) ਖ਼ਾਕੀ (ਅ) ਸਫ਼ੈਦ (ੲ) ਨੀਲੀ
2. ਸਕਾਊਟ ਅਤੇ ਗਾਈਡ ਕੀ ਸਿੱਖ ਰਹੇ ਹੁੰਦੇ ਹਨ ?
   (ੳ) ਨੌਕਰੀ ਲਈ ਸਿਖਲਾਈ (ਅ) ਚੰਗੀ ਜੀਵਨ-ਜਾਚ (ੲ) ਪੈਸੇ ਕਮਾਉਣੇ।
3. ਸਕਾਊਟ ਅਤੇ ਗਾਈਡ ਸੇਵਾ ਕਰਨ ਬਦਲੇ ਕੀ ਲੈਂਦੇ ਹਨ ?
   (ੳ) ਸੁਗਾਤਾਂ (ਅ) ਨਕਦੀ (ੲ) ਕੋਈ ਸੇਵਾ-ਫਲ਼ ਨਹੀਂ
4. ਸਰ ਬੇਡਿਨ ਪਾਵੇਲ ਨੇ ਸਕਾਊਟ-ਲਹਿਰ ਬਾਰੇ ਪੁਸਤਕ ਕਦੋਂ ਲਿਖੀ ?
   (ੳ) 1910 (ਅ) 1908 (ੲ) 1918
5. ਸਕੂਲਾਂ ਵਿੱਚ ਸਕਾਊਟਾਂ ਨੂੰ ਕੌਣ ਜਥੇਬੰਦ ਕਰਦਾ ਹੈ ?
   (ੳ) ਡਰਿੱਲ-ਮਾਸਟਰ (ਅ) ਸਕਾਊਟ-ਮਾਸਟਰ (ੲ) ਲਾਇਬ੍ਰੇਰੀਅਨ

### 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-

1. ਕਿਸੇ ਮੁਸਾਫ਼ਰ ਦੇ ਸੱਟ ਲੱਗਣ 'ਤੇ ਸਕਾਊਟ ਅਤੇ ਗਾਈਡ ਕੀ ਕਰਦੇ ਹਨ ?
2. ਸਕਾਊਟ ਅਤੇ ਗਾਈਡ ਦਾ ਕੀ ਧਰਮ ਹੈ ?
3. ਸਕਾਊਟਾਂ ਅਤੇ ਗਾਈਡਾਂ ਨੇ ਕੀ ਸਹੁੰ ਚੁੱਕੀ ਹੁੰਦੀ ਹੈ ?
4. ਸਕਾਊਟਾਂ ਅਤੇ ਗਾਈਡਾਂ ਦਾ ਮੁੱਖ ਉਦੇਸ਼ ਕੀ ਹੁੰਦਾ ਹੈ ?
5. ਭਾਰਤ ਵਿੱਚ ਪਹਿਲੀ ਵਾਰ ਕਦੋਂ ਕੁਝ ਵਿਦਿਆਰਥੀ ਸਕਾਊਟ ਬਣੇ ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :-

1. ਇੱਕ ਸਕਾਊਟ ਦੇ ਕੀ-ਕੀ ਫ਼ਰਜ਼ ਹਨ ?
2. ਸਕਾਊਟ ਕਿਨ੍ਹਾਂ ਗੱਲਾਂ ਦਾ ਭੇਦ-ਭਾਵ ਨਹੀਂ ਕਰਦੇ ?
3. ਸਕਾਊਟ-ਕੈਂਪਾਂ ਵਿੱਚ ਸਕਾਊਟਾਂ ਨੂੰ ਕਿਸ ਤਰ੍ਹਾਂ ਅਤੇ ਕਿਸ ਕੰਮ ਦੀ ਸਿਖਲਾਈ ਦਿੱਤੀ ਜਾਂਦੀ ਹੈ ?
4. ਸਕਾਊਟ-ਲਹਿਰ ਸਭ ਤੋਂ ਪਹਿਲਾਂ ਕਿੱਥੇ ਸ਼ੁਰੂ ਹੋਈ ਅਤੇ ਕਿਸ ਨੇ ਸ਼ੁਰੂ ਕੀਤੀ ?

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

ਸਹਾਇਤਾ, ਦੁਰਘਟਨਾ, ਸੁਭਾਅ, ਭੇਦ-ਭਾਵ, ਮੇਲਾ

## 5 ਖ਼ਾਲੀ ਥਾਂਵਾਂ ਭਰੋ :-

1. ਸਾਰਿਆਂ ਦੀ ਸਹਾਇਤਾ ਕਰਨਾ ਇਹਨਾਂ ਦਾ............ਹੈ।
2. ਲੋੜਵੰਦਾਂ ਦੀ ਸੇਵਾ ਕਰਨੀ ਇਹ ਆਪਣਾ .............ਸਮਝਦੇ ਹਨ।
3. ਮੁੰਡਿਆਂ ਨੂੰ ...........ਕਿਹਾ ਜਾਂਦਾ ਹੈ ਅਤੇ ਕੁੜੀਆਂ ਨੂੰ ..........।
4. ਸਕਾਊਟਾਂ ਅਤੇ ਗਾਈਡਾਂ ਨੇ ਸਹੁੰ ਚੁੱਕੀ ਹੁੰਦੀ ਹੈ ਕਿ ਉਹ ਹਰ ਰੋਜ਼ ਘੱਟੋ-ਘੱਟ ਇੱਕ..........ਕੰਮ ਜ਼ਰੂਰ ਕਰਨਗੇ।
5. ਉਹ ਇਸ ਸੇਵਾ ਲਈ ਕੋਈ ..............ਵੀ ਨਹੀਂ ਲੈਂਦੇ।

## 6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :-

| ਪੰਜਾਬੀ | ਹਿੰਦੀ | ਅੰਗਰੇਜੀ |
|---|---|---|
| ਯਾਤਰੀ | ............. | ............. |
| ਸਿੱਖਿਆ | ............. | ............. |
| ਫ਼ਰਜ਼ | ............. | ............. |
| ਮਨ-ਪਰਚਾਵਾ | ............. | ............. |
| ਸਮਾਜ-ਸੇਵਾ | ............. | ............. |

## 7 ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :-

ਗਵਾਚੇ, ਇਛਨਾਨ, ਲੋੜਮੰਦ, ਲੈਹਰ, ਮੁਸਾਫਰ

## ਭਾਸ਼ਾ ਤੇ ਵਿਆਕਰਨ :

1 ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾ ਵਿੱਚ ਵਰਤੋ :

ਸਹਾਇਤਾ, ਸੰਸਥਾ, ਦੁਰਘਟਨਾ, ਲਹਿਰ, ਨਿਚੋੜ, ਸਹਿਜ-ਸੁਭਾਅ, ਜਥੇਬੰਦ।

ਜਿਹੜੇ ਸ਼ਬਦ ਜਾਤੀਵਾਚਕ ਨਾਂਵ ਦੀਆਂ ਵਸਤੂਆਂ ਦੇ ਸਮੁੱਚੇ ਇਕੱਠ ਲਈ ਵਰਤੇ ਜਾਣ, ਉਹ ਇਕੱਠਵਾਚਕ ਨਾਂਵ ਅਖਵਾਉਂਦੇ ਹਨ, ਜਿਵੇਂ- ਸ਼੍ਰੇਣੀ, ਸੰਗਤ, ਪੰਚਾਇਤ ਆਦਿ।

**ਯੋਗਤਾ-ਵਿਸਤਾਰ**

ਆਪਣੇ ਸਕੂਲ ਵਿੱਚ ਕੰਮ ਕਰ ਰਹੀ ਸਕਾਊਟ ਜਾਂ ਗਾਈਡ-ਸੇਵਾ ਬਾਰੇ ਲਿਖੋ।

* * *

ਪਾਠ
4

# ਬੱਚੇ





ਪੰਛੀਆਂ ਜਿਹੇ ਅਣਭੋਲ ਨੇ ਬੱਚੇ,
ਫੁੱਲਾਂ ਤੋਂ ਵੀ ਸੋਹਲ ਨੇ ਬੱਚੇ।
ਸੱਚ ਪੁੱਛੋ ਜੇ ਆਪਣੇ ਦਿਲ ਤੋਂ,
ਹੀਰਿਆਂ ਤੋਂ ਅਨਮੋਲ ਨੇ ਬੱਚੇ।
ਰੱਬ ਵੀ ਖਿੜ-ਖਿੜ ਹੱਸਦਾ ਜਾਪੇ,
ਕਰਦੇ ਜਦੋਂ ਕਲੋਲ ਨੇ ਬੱਚੇ।
ਨਿੱਕੇ ਜਿਹੇ ਇਸ ਬਚਪਨ ਵਿੱਚੋਂ,
ਲੈਂਦੇ ਖ਼ੁਸ਼ੀਆਂ ਟੋਲ਼ ਨੇ ਬੱਚੇ।
ਦਿਲ ਵਿੱਚ ਕੁਝ ਛੁਪਾ ਨਾ ਰੱਖਦੇ,
ਦਿੰਦੇ ਹਰ ਗੱਲ ਖੋਲ੍ਹ ਨੇ ਬੱਚੇ।
ਖ਼ੁਸ਼ੀਆਂ ਵੰਡਦੇ, ਖੇੜੇ ਵੰਡਦੇ,
ਸਭ ਨੂੰ ਭਰ-ਭਰ ਝੋਲ਼ ਨੇ ਬੱਚੇ।
ਮਾਪਿਆਂ ਦੇ ਹਿਰਦੇ ਠਰ ਜਾਂਦੇ,
ਆ ਬਹਿੰਦੇ ਜਦ ਕੋਲ਼ ਨੇ ਬੱਚੇ।

## ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ੳ. ਅਣਭੋਲ ਬੱਚੇ ਕਿਨ੍ਹਾਂ ਵਰਗੇ ਹਨ ?
ਅ. ਬੱਚੇ ਕਿਸ ਤੋਂ ਵੱਧ ਅਨਮੋਲ ਹਨ ?
ੲ. ਬੱਚੇ ਕੀ ਵੰਡਦੇ ਹਨ ?
ਸ. ਮਾਪਿਆਂ ਦੇ ਹਿਰਦੇ ਕਦੋਂ ਠਰਦੇ ਹਨ ?

## 2. ਖ਼ਾਲੀ ਥਾਂਵਾਂ ਭਰੋ :–

ਹੱਸਦਾ, ਛੁਪਾਉਂਦੇ, ਸੋਹਲ, ਖ਼ੁਸ਼ੀਆਂ, ਹਿਰਦੇ

ੳ. ਬੱਚੇ ਫੁੱਲਾਂ ਤੋਂ ਵੱਧ.......ਹੁੰਦੇ ਹਨ।

ਅ. ਬੱਚੇ ਦੇਖ ਕੇ ਮਾਪਿਆਂ ਦੇ .........ਠਰ ਜਾਂਦੇ ਹਨ।

ੲ. ਬਚਪਨ ਵਿੱਚ ਬਹੁਤ .......ਹਨ।

ਸ. ਬੱਚੇ ਦਿਲ ਵਿੱਚ ਕੁਝ ਵੀ ਨਹੀਂ.....।

ਹ. ਬੱਚਿਆਂ ਦੇ ਕਲੋਲ ਦੇਖ ਕੇ ਰੱਬ ਵੀ........ਹੈ।

## 3. ਵਾਕ ਬਣਾਓ :–

ਪੰਛੀ, ਫੁੱਲ, ਬਚਪਨ, ਖੇੜੇ, ਬੱਚੇ

## 4. ਕਾਵਿ–ਸਤਰਾਂ ਪੂਰੀਆਂ ਕਰੋ

ੳ. ਸੱਚ ਪੁੱਛੋ ਜੇ ਆਪਣੇ ਦਿਲ ਤੋਂ,

..................................।

ਅ. ਖ਼ੁਸ਼ੀਆਂ ਵੰਡਦੇ, ਖੇੜੇ ਵੰਡਦੇ,

...............................।

## 5. ਇਕੋ–ਜਿਹੇ ਤੁਕਾਂਤ ਵਾਲ਼ੇ ਹੋਰ ਸ਼ਬਦ ਲਿਖੋ :–

ਉਦਾਹਰਨ : ਅਣਭੋਲ, ਸੋਹਲ, ਅਨਮੋਲ

ਗੱਲ........................................

ਸੱਚ........................................

ਰੱਬ........................................

## 6. ਸਹੀ ਵਿਕਲਪ ਚੁਣੋ

ੳ. 'ਖ਼ੁਸ਼ੀ' ਦਾ ਵਿਰੋਧੀ ਸ਼ਬਦ ਹੈ:

(ਕ) ਹੱਸਣਾ (ਖ) ਗ਼ਮੀ (ਘ) ਖੇੜਾ

ਅ. ਹੱਸਣਾ ਦਾ ਸਮਾਨਾਰਥਕ ਸ਼ਬਦ ਹੈ :

(ਕ) ਖ਼ੁਸ਼ ਹੋਣਾ (ਖ) ਖਿੜਨਾ (ਘ) ਗਾਉਣਾ

ੲ. ਪੜਨਾਂਵ ਸ਼ਬਦ ਹੈ:

(ਕ) ਬੱਚਾ (ਖ) ਫੁੱਲ (ਗ) ਉਹ

**ਵਿਦਿਆਰਥੀਆਂ ਲਈ**

(ਕ) ਆਪਣੇ ਛੋਟੇ ਭਰਾ–ਭੈਣ ਜਾਂ ਜਿਸੇ ਹੋਰ ਬੱਚੇ ਦੀਆਂ ਕੋਈ ਪੰਜ ਰੋਚਕ ਆਦਤਾਂ ਲਿਖੋ।

ਜਾਂ

(ਖ) ਤੁਹਾਡੇ ਕੋਲ਼ ਜਿਹੜੀਆਂ ਖੇਡਾਂ ਹਨ, ਉਹਨਾਂ ਦੀ ਸੂਚੀ ਬਣਾਓ।

ਪਾਠ 5

# ਪਿੰਡ ਦਾ ਮੋਹ



ਗੁਰਮੀਤ ਸਿੰਘ ਪਿਛਲੇ ਦਸ ਸਾਲਾਂ ਤੋਂ ਸ਼ਹਿਰ ਵਿੱਚ ਰਹਿ ਰਿਹਾ ਸੀ। ਨੌਕਰੀ ਕਾਰਨ ਉਸ ਨੂੰ ਆਪਣਾ ਪਿੰਡ ਛੱਡਣਾ ਪਿਆ ਸੀ। ਭਾਵੇਂ ਉਹ ਸ਼ਹਿਰ ਵਿੱਚ ਰਹਿਣ ਲੱਗ ਪਿਆ ਸੀ ਪਰੰਤੂ ਉਹ ਪਿੰਡ ਦਾ ਮੋਹ ਨਹੀਂ ਸੀ ਛੱਡ ਸਕਿਆ। ਜਦੋਂ ਵੀ ਉਸ ਨੂੰ ਸਮਾਂ ਮਿਲ਼ਦਾ ਤਾਂ ਉਹ ਪਿੰਡ ਜ਼ਰੂਰ ਜਾ ਕੇ ਆਉਂਦਾ। ਉਸ ਦੇ ਬੱਚੇ ਜੋਤੀ ਤੇ ਮੋਹਿਤ ਸ਼ਹਿਰ ਦੇ ਮਾਡਲ ਸਕੂਲ ਵਿੱਚ ਪੜ੍ਹਦੇ ਸਨ। ਜਦੋਂ ਵੀ ਕਦੇ ਸਕੂਲੋਂ ਦੋ-ਚਾਰ ਛੁੱਟੀਆਂ ਹੁੰਦੀਆਂ ਤਾਂ ਗੁਰਮੀਤ ਸਿੰਘ ਉਹਨਾਂ ਨੂੰ ਪਿੰਡ ਨੂੰ ਲੈ ਤੁਰਦਾ।

ਮੋਹਿਤ ਚੌਥੀ ਜਮਾਤ ਵਿੱਚ ਪੜ੍ਹਦਾ ਸੀ ਤੇ ਜੋਤੀ ਅਜੇ ਦੂਸਰੀ ਜਮਾਤ ਵਿੱਚ ਪੜ੍ਹਦੀ ਸੀ।

"ਪਾਪਾ ਸਾਨੂੰ ਕੱਲ੍ਹ ਤੇ ਪਰਸੋਂ ਦੀ ਛੁੱਟੀ ਹੈ, ਆਪਾਂ ਪਿੰਡ ਚੱਲੀਏ?" ਮੋਹਿਤ ਨੇ ਟਿਊਸ਼ਨ ਵਾਲ਼ਾ ਬੈਗ ਸੋਫ਼ੇ 'ਤੇ ਰੱਖਦਿਆਂ ਕਿਹਾ।

"ਅੱਛਾ ! ਕਾਹਦੀ ਛੁੱਟੀ ਹੈ, ਬਈ ! ਕੱਲ੍ਹ ਤੇ ਪਰਸੋਂ ਦੀ?" ਗੁਰਮੀਤ ਸਿੰਘ ਨੇ ਕਲੰਡਰ ਵੱਲ ਨਿਗਾਹ ਮਾਰਦਿਆਂ ਕਿਹਾ।

"ਸਾਡੇ ਸਕੂਲ ਦੇ ਬੱਚੇ ਖੇਡਾਂ ਵਿੱਚ ਮੈਡਲ ਜਿੱਤ ਕੇ ਲਿਆਏ ਹਨ। ਇਸੇ ਖ਼ੁਸ਼ੀ ਵਿੱਚ ਪ੍ਰਿੰਸੀਪਲ ਮੈਡਮ ਨੇ ਕੱਲ੍ਹ ਤੇ ਪਰਸੋਂ ਦੀ ਛੁੱਟੀ ਦਾ ਐਲਾਨ ਕੀਤਾ ਹੈ," ਮੋਹਿਤ ਨੇ ਖ਼ੁਸ਼ੀ ਵਿੱਚ ਚੁਟਕੀਆਂ ਵਜਾਉਂਦਿਆਂ ਕਿਹਾ।

"ਚੱਲੋ ਫੇਰ, ਕਰੋ ਤਿਆਰੀ, ਆਪਾਂ ਕੱਲ੍ਹ ਨੂੰ ਪਿੰਡ ਚੱਲਾਂਗੇ, ਨਾਲ਼ੇ ਥੋਡੇ ਦਾਦਾ ਜੀ ਦਾ ਫ਼ੋਨ ਆਇਆ ਸੀ ਕਿ ਬੱਚਿਆਂ ਨੂੰ ਮਿਲ਼ਾ ਕੇ ਲੈ ਜਾਇਓ। ਬਹੁਤ ਦਿਨ ਹੋ ਗਏ ਨੇ, ਦੇਖਿਆਂ ਨੂੰ। ਗੁਰਮੀਤ ਸਿੰਘ ਨੇ ਦੋਹਾਂ ਬੱਚਿਆਂ ਨੂੰ ਪਿਆਰ ਜਤਾਉਂਦਿਆਂ ਕਿਹਾ।

ਜੋਤੀ ਬਹੁਤ ਖ਼ੁਸ਼ ਸੀ। ਉਹ ਆਪਣੀ ਦਾਦੀ ਜੀ ਨੂੰ ਬਹੁਤ ਪਿਆਰ ਕਰਦੀ ਸੀ। ਪਿੰਡ ਜਾਣ ਦਾ ਨਾਂ ਸੁਣਦਿਆਂ ਹੀ ਉਹ ਖ਼ੁਸ਼ੀ ਵਿੱਚ ਖੀਵੀ ਹੋ ਕੇ ਦੌੜਦੀ ਹੋਈ ਆਪਣੇ ਮਾਤਾ ਜੀ ਕੋਲ਼ ਜਾ ਕੇ ਬੋਲੀ, "ਮੰਮੀ.... ! ਮੰਮੀ... ! ਆਪਾਂ ਕੱਲ੍ਹ ਨੂੰ ਪਿੰਡ ਜਾਵਾਂਗੇ।"

"ਹਾਂ...ਹਾਂ...ਚੱਲਾਂਗੇ, ਬੇਟਾ !" ਜਸਵੀਰ ਨੇ ਗਿੱਲੇ ਕੱਪੜੇ ਤਾਰ 'ਤੇ ਪਾਉਂਦਿਆਂ ਕਿਹਾ।

ਰਾਤ ਨੂੰ ਬੱਚਿਆਂ ਨੇ ਆਪਣੇ ਕੱਪੜੇ ਤਿਆਰ ਕਰ ਕੇ ਰੱਖ ਲਏ। ਸਵੇਰੇ ਪਹਿਲੀ ਬੱਸ ਫੜ ਕੇ ਉਹ ਪਿੰਡ ਪਹੁੰਚ ਗਏ। ਬੱਸ ਅਜੇ ਪਿੰਡ ਦੇ ਨੇੜੇ ਹੀ ਪਹੁੰਚੀ ਸੀ ਕਿ ਜੋਤੀ ਬੋਲ ਪਈ, "ਚਲੋ-ਚਲੋ, ਆ ਗਿਆ, ਪਿੰਡ। ਅਹੁ ਦੇਖੋ, ਦਾਦਾ ਜੀ ਖੜ੍ਹੇ ਨੇ।" ਜੋਤੀ ਨੇ ਬੱਸ ਦੀ ਤਾਕੀ ਵਿੱਚੋਂ ਹੀ ਬੱਸ -ਸਟੈਂਡ 'ਤੇ ਉਹਨਾਂ ਨੂੰ ਲੈਣ ਆਏ ਦਾਦਾ ਜੀ ਨੂੰ ਪਛਾਣਦਿਆਂ ਕਿਹਾ।

ਬੱਸ ਤੋਂ ਉੱਤਰਦਿਆਂ ਹੀ ਉਹ ਦੌੜ ਕੇ ਦਾਦਾ ਜੀ ਦੀ ਗੋਦੀ ਚੜ੍ਹ ਗਏ। ਬਿਸ਼ਨ ਸਿੰਘ ਨੇ ਦੋਹਾਂ ਬੱਚਿਆਂ ਨੂੰ ਰੱਜ ਕੇ ਪਿਆਰ ਕੀਤਾ। ਗੁਰਮੀਤ ਸਿੰਘ ਅਤੇ ਜਸਵੀਰ ਦਾ ਸਿਰ ਪਲ਼ੋਸਦਿਆਂ ਸੁੱਖ-ਸਾਂਦ ਪੁੱਛੀ। ਜੋਤੀ ਅਤੇ ਮੋਹਿਤ ਨੂੰ

ਸਾਈਕਲ ਦੇ ਅੱਗੇ-ਪਿੱਛੇ ਬਿਠਾ ਕੇ ਉਹ ਘਰ ਵੱਲ ਨੂੰ ਤੁਰ ਪਏ। ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਪਿੰਡ ਵਿੱਚ ਪ੍ਰਵੇਸ਼ ਕਰਦਿਆਂ ਹੀ ਜੋਤੀ ਨੇ ਸਾਹਮਣੇ ਛੱਪੜ ਵੱਲ ਵੇਖਦਿਆਂ ਕਿਹਾ, "ਦਾਦਾ ਜੀ !ਅਹੁ ਸਾਹਮਣੇ ਕੀ ਹੈ ?" ਬਿਸ਼ਨ ਸਿੰਘ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਮੋਹਿਤ ਨੇ ਜੋਤੀ ਦੀ ਗੱਲ ਦਾ ਜਵਾਬ ਦਿੰਦਿਆਂ ਕਿਹਾ, "ਤੈਨੂੰ ਏਨਾ ਵੀ ਨਹੀਂ ਪਤਾ! ਉਹ ਸਾਹਮਣੇ 'ਪੌਂਡ' ਹੈ। ਇਹਦੇ ਵਿੱਚ ਮੱਛੀਆਂ ਪਾਲ਼ੀਆਂ ਜਾਂਦੀਆਂ ਹਨ," ਮੋਹਿਤ ਨੇ ਸਹਿਜ ਹੁੰਦਿਆਂ ਕਿਹਾ।

"ਆਹੋ ਭਾਈ, ਹੋਵੇਗਾ ਥੋਡੇ ਸ਼ਹਿਰੀਆਂ ਲਈ ਇਹ 'ਪੌਂਡ', ਸਾਡਾ ਤਾਂ ਇਹ ਟੋਭਾ ਹੈ। ਇਸ ਵਿੱਚ ਬਰਸਾਤ ਦਾ ਪਾਣੀ ਜਮ੍ਹਾ ਹੋ ਜਾਂਦਾ ਹੈ ਜੋ ਕਿ ਪਸ਼ੂਆਂ ਦੇ ਪੀਣ ਅਤੇ ਉਹਨਾਂ ਨੂੰ ਨੁਹਾਉਣ ਦੇ ਕੰਮ ਆਉਂਦਾ ਹੈ। ਬਿਸ਼ਨ ਸਿੰਘ ਨੇ ਮੋਹਿਤ ਤੇ ਜੋਤੀ ਨੂੰ ਟੋਭੇ ਬਾਰੇ ਸਮਝਾਉਂਦਿਆਂ ਕਿਹਾ।

ਗੱਲਾਂ ਕਰਦੇ-ਕਰਦੇ ਉਹ ਘਰ ਦੇ ਨੇੜੇ ਪਹੁੰਚ ਗਏ। ਬਿਸ਼ਨ ਸਿੰਘ ਨੂੰ ਵੇਖਦਿਆਂ ਹੀ ਸੱਥ ਵਿੱਚ ਤਾਸ਼ ਖੇਡਦਾ ਜਾਗਰ ਸਿੰਘ ਬੋਲਿਆ, "ਹਾਂ ਬਈ, ਬਿਸ਼ਨ ਸਿਆਂ! ਆ ਗਏ ਬਈ, ਸ਼ਹਿਰੀਏ?" ਬਿਸ਼ਨ ਸਿੰਘ ਦੇ ਬੋਲਣ ਤੋਂ ਪਹਿਲਾਂ ਹੀ ਪਿੱਛੇ ਆਉਂਦੇ ਗੁਰਮੀਤ ਸਿੰਘ ਨੇ ਤਾਸ਼ ਖੇਡਦੇ ਬਜ਼ੁਰਗਾਂ ਨੂੰ ਫ਼ਤਿਹ ਬੁਲਾਉਂਦਿਆਂ ਕਿਹਾ, "ਤਾਇਆ ਜੀ, ਸਤਿ ਸ੍ਰੀ ਅਕਾਲ, ਸਾਰਿਆਂ ਨੂੰ।"

"ਜਿਊਂਦਾ ਰਹਿ ਪੁੱਤਰਾ! ਹੋਰ, ਤਗੜਾ ਐਂ?" ਜਾਗਰ ਸਿੰਘ ਨੇ ਫ਼ਤਿਹ ਦਾ ਜਵਾਬ ਦਿੰਦਿਆਂ ਕਿਹਾ।

"ਬਈ, ਗੁਰਮੀਤ ਸਿੰਘ ਵਰਗੇ ਪੁੱਤਰ ਤਾਂ ਘਰ -ਘਰ ਜੰਮਣ। ਦਸ ਸਾਲ ਹੋ ਗਏ ਨੇ, ਸ਼ਹਿਰ ਵਿੱਚ ਰਹਿੰਦਿਆਂ ਪਰ ਮਾਂ ਦੇ ਪੁੱਤ ਨੇ ਪਿੰਡ ਦਾ ਮੋਹ ਨਹੀਂ ਛੱਡਿਆ। ਜਦੋਂ ਵੀ ਸਮਾਂ ਮਿਲ਼ਦਾ ਹੈ, ਪਿੰਡ ਜ਼ਰੂਰ ਆਉਂਦਾ ਹੈ ਅਤੇ ਸਾਰੇ ਪਿੰਡ ਦੇ ਵੱਡਿਆਂ- ਬਜ਼ੁਰਗਾਂ ਨੂੰ ਮਿਲ਼ ਕੇ ਜਾਂਦਾ ਹੈ।" ਗੁਰਨਾਮ ਸਿੰਘ ਨੇ ਗੁਰਮੀਤ ਦੀ ਤਾਰੀਫ਼ ਕੀਤੀ।

ਸਾਈਕਲ ਤੋਂ ਉੱਤਰਦਿਆਂ ਹੀ ਮੋਹਿਤ ਤੇ ਜੋਤੀ ਦੌੜ ਕੇ ਦਾਦੀ ਮਾਂ ਕੋਲ਼ ਸਿੱਧੇ ਰਸੋਈ ਵਿੱਚ ਹੀ ਚਲੇ ਗਏ।

"ਦਾਦੀ ਮਾਂ........! ਦਾਦੀ ਮਾਂ!"

"ਆ ਗਏ, ਮੇਰੇ ਸੋਹਣੇ ਪੁੱਤ?" ਕਰਤਾਰ ਕੌਰ ਨੇ ਦੋਹਾਂ ਬੱਚਿਆਂ ਨੂੰ ਜੱਫੀ ਵਿੱਚ ਲੈਂਦਿਆਂ ਕਿਹਾ। ਥੋੜ੍ਹੀ ਦੇਰ ਬਾਅਦ ਗੁਰਮੀਤ ਸਿੰਘ ਅਤੇ ਜਸਵੀਰ ਵੀ ਅੰਦਰ ਆ ਗਏ। ਉਹਨਾਂ ਨੇ ਮਾਤਾ ਕਰਤਾਰ ਕੌਰ ਦੇ ਪੈਰਾਂ ਨੂੰ ਹੱਥ ਲਾਉਂਦਿਆਂ ਕਿਹਾ, "ਬੇਬੇ ਜੀ, ਮੱਥਾ ਟੇਕਦੇ ਹਾਂ।" ਗੁਰਮੀਤ ਅਤੇ ਜਸਵੀਰ ਕੌਰ ਨੇ ਕਰਤਾਰ ਕੌਰ ਦੇ ਪੈਰਾਂ ਨੂੰ ਹੱਥ ਲਾਉਂਦਿਆਂ ਕਿਹਾ।

"ਜਿਊਂਦੇ-ਵੱਸਦੇ ਰਹੋ! ਜਵਾਨੀਆਂ ਮਾਣੋ!" ਬੱਚਿਆਂ ਨੂੰ ਅਸ਼ੀਰਵਾਦ ਦੇ ਕੇ ਬੇਬੇ ਰਸੋਈ ਵਿੱਚ ਚਾਹ ਬਣਾਉਣ ਚਲੀ ਗਈ।

ਚਾਹ-ਪਾਣੀ ਪੀਣ ਤੋਂ ਬਾਅਦ ਗੁਰਮੀਤ ਸਿੰਘ ਬੋਲਿਆ, "ਬਾਪੂ ਜੀ, ਇਸ ਵਾਰ ਜੋਤੀ ਨੂੰ ਆਪਣੇ ਖੇਤ ਅਤੇ ਪਿੰਡ ਦਾ ਗੇੜਾ ਲਵਾ ਦਿਓ। ਬੜਾ ਚਾਅ ਹੈ ਇਸ ਨੂੰ, ਪਿੰਡ ਵੇਖਣ ਦਾ।"

"ਚੰਗਾ, ਪੁੱਤਰਾ! ਹੁਣੇ ਲੈ ਕੇ ਜਾਂਦਾ ਹਾਂ। ਇਹ ਤਾਂ ਬੜੀ ਚੰਗੀ ਗੱਲ ਹੈ ਕਿ ਬੱਚਿਆਂ ਦੀ ਦਿਲਚਸਪੀ ਪਿੰਡ ਨਾਲ਼ ਬਣੀ ਹੋਈ ਹੈ। ਨਹੀਂ ਤਾਂ ਸ਼ਹਿਰੀਏ ਪਿੰਡ ਨੂੰ ਹੀ ਭੁੱਲ ਜਾਂਦੇ ਨੇ," ਬਿਸ਼ਨ ਸਿੰਘ ਨੇ ਸਾਈਕਲ 'ਤੇ ਕੱਪੜਾ ਮਾਰਦਿਆਂ ਕਿਹਾ।

"ਚੱਲ ਬਈ, ਜੋਤੀ! ਬੈਠ ਭਾਈ, ਸਾਈਕਲ 'ਤੇ, ਚੱਲੀਏ ਆਪਾਂ ਖੇਤਾਂ ਨੂੰ," ਬਿਸ਼ਨ ਸਿੰਘ ਨੇ ਜੋਤੀ ਨੂੰ ਸਾਈਕਲ 'ਤੇ ਬਿਠਾਉਂਦਿਆਂ ਕਿਹਾ।



"ਦਾਦਾ ਜੀ ! ਮੈਂ ਵੀ ਜਾਵਾਂਗਾ, ਤੁਹਾਡੇ ਨਾਲ਼।" ਮੋਹਿਤ ਵੀ ਛਾਲ਼ ਮਾਰ ਕੇ ਸਾਈਕਲ 'ਤੇ ਬੈਠ ਗਿਆ।

"ਹਾਂ....ਹਾਂ.... ਚੱਲ ਬਈ, ਤੂੰ ਵੀ।" ਬਿਸ਼ਨ ਸਿੰਘ ਦੋਂਹਾਂ ਬੱਚਿਆਂ ਨੂੰ ਸਾਈਕਲ 'ਤੇ ਬਿਠਾ ਕੇ ਖੇਤਾਂ ਵੱਲ ਚੱਲ ਪਿਆ।

ਜੋਤੀ ਤੇ ਮੋਹਿਤ ਨਿੱਕੀਆਂ-ਨਿੱਕੀਆਂ ਚੀਜ਼ਾਂ ਬਾਰੇ ਪੁੱਛਦੇ ਰਹੇ। ਕਦੇ ਪੀਲ਼ੇ ਸਰ੍ਹੋਂ ਦਿਆਂ ਫੁੱਲਾਂ ਬਾਰੇ, ਕਦੇ ਤਿਤਲੀਆਂ ਬਾਰੇ। ਬਿਸ਼ਨ ਸਿੰਘ ਬੜੇ ਠਰ੍ਹੰਮੇ ਨਾਲ਼ ਉਨ੍ਹਾਂ ਦੀਆਂ ਗੱਲਾਂ ਦਾ ਜਵਾਬ ਦਿੰਦਾ।

ਖੇਤਾਂ ਵੱਲ ਗੇੜਾ ਮਾਰਨ ਤੋਂ ਬਾਅਦ ਬਿਸ਼ਨ ਸਿੰਘ ਦੋਂਹਾਂ ਬੱਚਿਆਂ ਨੂੰ ਲੈ ਕੇ ਪਿੰਡ ਵੱਲ ਲੈ ਤੁਰਿਆ। ਉਹ ਕਦੇ ਉਹਨਾਂ ਨੂੰ ਪਿੰਡ ਦੇ ਗੁਰਦੁਆਰੇ, ਕਦੇ ਧਰਮਸ਼ਾਲਾ, ਕਦੇ ਖ਼ੂਹ ਅਤੇ ਕਦੇ ਪਿੰਡ ਦੇ ਵੱਡੇ ਬਜ਼ੁਰਗਾਂ ਬਾਰੇ ਦੱਸਦਾ। ਪਿੰਡ ਦੀਆਂ ਚਾਚੀਆਂ-ਤਾਈਆਂ ਬੱਚਿਆਂ ਨੂੰ ਅਸੀਸਾਂ ਦਿੰਦੀਆਂ।

ਘੁੰਮ-ਘੁਮਾ ਕੇ ਜਦੋਂ ਉਹ ਘਰ ਪਰਤੇ ਤਾਂ ਕਰਤਾਰ ਕੌਰ ਨੇ ਉਹਨਾਂ ਲਈ ਮੱਕੀ ਦੀਆਂ ਰੋਟੀਆਂ ਅਤੇ ਸਰ੍ਹੋਂ ਦਾ ਸਾਗ ਬਣਾ ਕੇ ਰੱਖਿਆ ਹੋਇਆ ਸੀ। ਸਾਰਿਆਂ ਨੇ ਰਲ਼ ਕੇ ਰੋਟੀ ਖਾਧੀ। ਰਾਤੀਂ ਸੌਣ ਤੋਂ ਪਹਿਲਾਂ ਮੋਹਿਤ ਤੇ ਜੋਤੀ ਦਾਦੀ ਮਾਂ ਦੇ ਦੁਆਲ਼ੇ ਹੋ ਗਏ ਅਤੇ ਕਿੰਨੀ ਦੇਰ ਤੱਕ ਉਸ ਕੋਲ਼ੋਂ ਬਾਤਾਂ ਸੁਣਦੇ-ਸੁਣਦੇ ਸੌਂ ਗਏ।

ਅਗਲੀ ਸਵੇਰ ਗੁਰਮੀਤ ਸਿੰਘ ਨੇ ਮੋਹਿਤ ਤੇ ਜੋਤੀ ਨੂੰ ਜਲਦੀ ਉਠਾ ਦਿੱਤਾ ਕਿਉਂਕਿ ਉਹਨਾਂ ਨੇ ਨੌਂ ਵਜੇ ਤੋਂ ਪਹਿਲਾਂ ਮੁਹਾਲ਼ੀ ਪਹੁੰਚਣਾ ਸੀ।

ਕਰਤਾਰ ਕੌਰ ਨੇ ਬੱਚਿਆਂ ਨੂੰ ਰੱਜ ਕੇ ਪਿਆਰ ਕੀਤਾ ਅਤੇ ਅਸੀਸਾਂ ਦਿੰਦਿਆਂ ਕਿਹਾ, "ਜੁੱਗ-ਜੁੱਗ ਜੀਓ, ਪੁੱਤਰੋ! ਜਵਾਨੀਆਂ ਮਾਣੋ, ਤਰੱਕੀਆਂ ਕਰੋ। ਮਾਰ ਜਾਇਆ ਕਰੋ ਗੇੜਾ, ਜਦੋਂ ਵੀ ਟੈਮ ਲੱਗੇ, ਸਾਂਝ ਬਣੀ ਰਹਿੰਦੀ ਹੈ, ਪਿੰਡ ਨਾਲ਼। ਨਾਲ਼ੇ ਬੱਚਿਆਂ ਦਾ ਵੀ ਮੋਹ ਬਣਿਆ ਰਹਿੰਦਾ ਹੈ, ਪਿੰਡ ਨਾਲ਼।" ਬਿਸ਼ਨ ਸਿੰਘ ਉਹਨਾਂ ਨੂੰ ਬੱਸ-ਅੱਡੇ ਤੱਕ ਛੱਡਣ

ਆਇਆ। ਬੱਚਿਆਂ ਨੇ ਬੱਸ ਵਿੱਚ ਬੈਠਦਿਆਂ ਦਾਦਾ ਜੀ ਨੂੰ ਬਾਏ-ਬਾਏ ਕੀਤੀ। ਹੁਣ ਉਹ ਸ਼ਹਿਰ ਵੱਲ ਨੂੰ ਜਾ ਰਹੇ ਸਨ ਪਰ ਉਹਨਾਂ ਨੂੰ ਇੰਞ ਜਾਪ ਰਿਹਾ ਸੀ, ਜਿਵੇਂ ਪਿੰਡ ਉਹਨਾਂ ਦੇ ਨਾਲ਼-ਨਾਲ਼ ਤੁਰਦਾ ਆ ਰਿਹਾ ਹੋਵੇ।

## ਅਭਿਆਸ

### 1. ਠੀਕ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਾਓ :-

1. ਗੁਰਮੀਤ ਸਿੰਘ ਨੇ ਕਿਹੜਾ ਮੋਹ ਨਹੀਂ ਸੀ ਛੱਡਿਆ ?
   (ੳ) ਪੈਸੇ ਦਾ ਮੋਹ (ਅ) ਸ਼ਹਿਰ ਦਾ ਮੋਹ (ੲ) ਪਿੰਡ ਦਾ ਮੋਹ
2. ਜੋਤੀ ਕਿਉਂ ਖ਼ੁਸ਼ ਸੀ ?
   (ੳ) ਪਿੰਡ ਜਾਣ ਕਰਕੇ (ਅ) ਨਵੇਂ ਕੱਪੜੇ ਲੈਣ ਕਰਕੇ (ੲ) ਸਾਈਕਲ ਖ਼ਰੀਦਣ ਕਰਕੇ
3. "ਬਈ, ਗੁਰਮੀਤ ਸਿੰਘ ਵਰਗੇ ਪੁੱਤਰ ਤਾਂ ਘਰ-ਘਰ ਜੰਮਣ" ਇਹ ਸ਼ਬਦ ਕਿਸ ਨੇ ਕਹੇ ?
   (ੳ) ਜਾਗਰ ਸਿੰਘ (ਅ) ਗੁਰਨਾਮ ਸਿੰਘ (ੲ) ਬਿਸ਼ਨ ਸਿੰਘ
4. ਕਰਤਾਰ ਕੌਰ ਨੇ ਖਾਣ ਲਈ ਕੀ ਬਣਾਇਆ ਹੋਇਆ ਸੀ?
   (ੳ) ਮੱਕੀ ਦੀ ਰੋਟੀ ਅਤੇ ਸਰ੍ਹੋਂ ਦਾ ਸਾਗ (ਅ) ਖੀਰ (ੲ) ਸੇਵੀਂਆਂ
5. ਸੌਣ ਤੋਂ ਪਹਿਲਾਂ ਬੱਚਿਆਂ ਨੇ ਕੀ ਕੀਤਾ?
   (ੳ) ਟੀ.ਵੀ.ਦੇਖਿਆ (ਅ) ਬਾਤਾਂ ਸੁਣੀਆਂ (ੲ) ਕੰਪਿਊਟਰ-ਖੇਡਾਂ ਖੇਡੀਆਂ

### 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ:-

ੳ. ਗੁਰਮੀਤ ਸਿੰਘ ਨੂੰ ਪਿੰਡ ਕਿਉਂ ਛੱਡਣਾ ਪਿਆ ਸੀ?

ਅ. ਸਕੂਲ ਵਿੱਚ ਛੁੱਟੀਆਂ ਕਿਉਂ ਹੋਈਆਂ ਸਨ?

ੲ. ਜਾਗਰ ਸਿੰਘ ਨੇ ਫ਼ਤਿਹ ਦਾ ਜਵਾਬ ਦਿੰਦਿਆਂ ਗੁਰਮੀਤ ਸਿੰਘ ਨੂੰ ਕੀ ਕਿਹਾ?

ਸ. ਅਗਲੀ ਸਵੇਰ ਗੁਰਮੀਤ ਸਿੰਘ ਨੇ ਬੱਚਿਆਂ ਨੂੰ ਜਲਦੀ ਕਿਉਂ ਉਠਾਇਆ?

ਹ. ਬਿਸ਼ਨ ਸਿੰਘ ਗੁਰਮੀਤ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਕਿੱਥੇ ਛੱਡਣ ਗਿਆ?

### 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ:-

ੳ. ਬਿਸ਼ਨ ਸਿੰਘ ਨੇ ਪਿੰਡ ਦੇ ਟੋਭੇ ਬਾਰੇ ਬੱਚਿਆਂ ਨੂੰ ਕੀ ਦੱਸਿਆ?

ਅ. ਗੁਰਨਾਮ ਸਿੰਘ ਨੇ ਗੁਰਮੀਤ ਸਿੰਘ ਦੀ ਤਾਰੀਫ਼ ਕਿਵੇਂ ਕੀਤੀ?

ੲ. ਖੇਤਾਂ ਵਿੱਚ ਗੇੜਾ ਮਾਰਨ ਤੋਂ ਬਾਅਦ ਬਿਸ਼ਨ ਸਿੰਘ ਨੇ ਬੱਚਿਆਂ ਨੂੰ ਕੀ ਦਿਖਾਇਆ?

ਸ. ਕਰਤਾਰ ਕੌਰ ਨੇ ਬੱਚਿਆਂ ਨੂੰ ਅਸੀਸਾਂ ਦਿੰਦਿਆਂ ਕੀ ਕਿਹਾ?

ਹ. ਵਾਪਸ ਸ਼ਹਿਰ ਪਰਤਦਿਆਂ ਬੱਚਿਆਂ ਨੂੰ ਕੀ ਮਹਿਸੂਸ ਹੋਇਆ?

### 4. ਵਾਕਾਂ ਵਿੱਚ ਵਰਤੋ:-

ਐਲਾਨ, ਤਾਕੀ, ਸੁੱਖ-ਸਾਂਦ, ਮੋਹ, ਸਾਂਝ

## 5. ਖ਼ਾਲੀ ਥਾਂਵਾਂ ਭਰੋ:

ੳ. ਮੋਹਿਤ.........ਜਮਾਤ ਵਿੱਚ ਪੜ੍ਹਦਾ ਸੀ ਅਤੇ ਜੋਤੀ .........ਜਮਾਤ ਵਿੱਚ ਪੜ੍ਹਦੀ ਸੀ।

ਅ. ਸਵੇਰੇ ਪਹਿਲੀ ਬੱਸ ਫੜ ਕੇ ਉਹ..........ਪਹੁੰਚ ਗਏ।

ੲ. ਸਾਈਕਲ ਤੋਂ ਉੱਤਰਦਿਆਂ ਹੀ ਮੋਹਿਤ ਤੇ ਜੋਤੀ ਦੌੜ ਕੇ ............ਕੋਲ਼ ਸਿੱਧੇ ਰਸੋਈ ਵਿੱਚ ਚਲੇ ਗਏ।

ਸ. ਮਾਰ ਜਾਇਆ ਕਰੋ ਗੇੜਾ, ਜਦੋਂ ਟੈਮ ਲੱਗੇ, ..............ਬਣੀ ਰਹਿੰਦੀ ਹੈ, ਪਿੰਡ ਨਾਲ।

ਹ. ਬਿਸ਼ਨ ਸਿੰਘ ਉਹਨਾਂ ਨੂੰ.............ਤੱਕ ਛੱਡਣ ਆਇਆ।

## 6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ:-

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਪਿੰਡ | ............... | ............... |
| ਛੁੱਟੀ | ............... | ............... |
| ਮੱਛੀ | ............... | ............... |
| ਰਾਤ | ............... | ............... |
| ਚਾਹ | ............... | ............... |

## 7. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ:-

ਸ਼ੈਹਰ, ਟੋਬਾ, ਫ਼ਤੇਹ, ਤਰੀਫ਼, ਜੁਆਬ

### ਰਚਨਾਤਮਿਕ ਕਾਰਜ

ਬੱਚਿਓ! ਆਪਣੇ ਅਧਿਆਪਕ ਜੀ ਦੀ ਮਦਦ ਨਾਲ਼ ਪਿੰਡ ਦੇ ਜੀਵਨ ਬਾਰੇ ਆਪਣੀ ਕਾਪੀ ਵਿੱਚ ਲਿਖਣ।

* * *

ਪਾਠ
6

# ਟੈਲੀਫੋਨ

ਟੈਲੀਫ਼ੂਨ ਦੀ ਕਹਾਣੀ ਵੀ ਅਜੀਬ ਹੈ। ਦੂਰ ਬੈਠ ਕੇ ਇੱਕ-ਦੂਜੇ ਨਾਲ਼ ਗੱਲ ਕਰ ਸਕਣੀ, ਮਨੁੱਖ ਦੀ ਬੜੀ ਪੁਰਾਣੀ ਖ਼ਾਹਸ਼ ਸੀ। ਅਸੀਂ ਕਈ ਵਾਰ ਵੇਖਿਆ ਹੈ ਕਿ ਦੋ ਬੱਚੇ ਤੀਲੀਆਂ ਦੀਆਂ ਖ਼ਾਲੀ ਡੱਬੀਆਂ ਲੈ ਕੇ ਉਹਨਾਂ ਨੂੰ ਪੇਚਕ ਦੇ ਲੰਮੇ ਧਾਗੇ ਨਾਲ਼ ਜੋੜ ਲੈਂਦੇ ਹਨ ਤੇ ਫਿਰ ਉਹ ਦੋ ਸਿਰਿਆਂ 'ਤੇ ਬੈਠ ਕੇ ਇਸ ਰਾਹੀਂ ਗੱਲਾਂ ਕਰਦੇ ਹਨ।

ਟੈਲੀਫ਼ੂਨ ਦਾ ਜਨਮ-ਦਾਤਾ ਗ੍ਰਾਹਮ ਬੈੱਲ ਤੇ ਉਸ ਦਾ ਭਰਾ ਵੀ ਅਜਿਹੀਆਂ ਖੇਡਾਂ ਖੇਡਿਆ ਕਰਦੇ ਸਨ। ਉਹਨਾਂ ਨੇ ਇਹਨਾਂ ਖੇਡਾਂ ਵਿੱਚ ਹੀ ਇੱਕ ਅਜਿਹਾ ਖੋਪਰੀਨੁਮਾ ਡੱਬਾ ਜਿਹਾ ਬਣਾ ਲਿਆ ਜਿਸ ਦਾ ਨਾਂ ਉਹਨਾਂ ਨੇ ਬੋਲਣ ਵਾਲ਼ਾ ਸਿਰ ਰੱਖਿਆ। ਜਦੋਂ ਗ੍ਰਾਹਮ ਦਾ ਭਰਾ 'ਮੈਲਵਿਲ' ਉਸ ਬੋਲਣ ਵਾਲ਼ੇ ਸਿਰ ਦੇ ਜਬਾੜੇ ਨੂੰ ਹਿਲਾ ਕੇ, ਸਾਹ ਲੈਣ ਵਾਲ਼ੀ ਨਾਲ਼ੀ ਵਿੱਚ ਫੂਕਾਂ ਮਾਰਦਾ ਸੀ ਤਾਂ ਉਸ ਖੋਪਰੀ ਵਿੱਚੋਂ ਸ਼ਬਦ ਨਿਕਲਦਾ ਸੀ ਜਿਸ ਨੂੰ ਸੁਣ ਕੇ ਸਾਰੇ ਬੱਚੇ ਹੱਸਦੇ ਸਨ।

ਇਸ ਤਰ੍ਹਾਂ ਉਹਨਾਂ ਨੇ ਆਪਣੇ ਸਿਖਾਏ ਹੋਏ ਸ਼ਿਕਾਰੀ ਕੁੱਤੇ ਨਾਲ਼ ਵੀ ਕਈ ਤਜਰਬੇ ਕੀਤੇ। ਉਹ ਕੁੱਤੇ ਦੇ ਮੂੰਹ ਨੂੰ ਕੁਝ ਇਸ ਤਰ੍ਹਾਂ ਦਬਾਉਂਦੇ ਸਨ ਕਿ ਉਸ ਦੇ ਮੂੰਹ ਵਿੱਚੋਂ ਨਿਕਲ਼ੀ ਅਵਾਜ਼ ਮਨੁੱਖੀ ਬੋਲਾਂ ਵਾਂਗ ਲੱਗਦੀ ਸੀ।

ਗ੍ਰਾਹਮ ਬੈੱਲ ਵਿੱਚ ਕਾਢਾਂ ਕੱਢਣ ਦੀ ਸੁਭਾਵਿਕ ਰੁਚੀ ਸੀ। ਪਹਿਲਾਂ ਉਸ ਨੂੰ ਇੱਕ ਅਜਿਹੀ ਮਸ਼ੀਨ ਬਣਾਉਣ ਦਾ ਵਿਚਾਰ ਫੁਰਿਆ ਜਿਸ ਨਾਲ਼ ਬੋਲਣਾ ਸਿਖਾਉਣ ਵਿੱਚ ਸੌਖ ਹੋਵੇ। ਇਸ ਦੀ ਖੋਜ ਕਰਦਿਆਂ ਉਸ ਨੇ ਇੱਕ ਅਜਿਹਾ ਯੰਤਰ ਬਣਾਇਆ, ਜਿਸ ਨਾਲ਼ ਕਈ 'ਤਾਰ-ਸੁਨੇਹੇ' ਇਕੱਠੇ ਭੇਜੇ ਜਾ ਸਕਦੇ ਸਨ। ਇਸ ਤਰ੍ਹਾਂ ਉਸ ਨੇ ਇਸ ਨੂੰ 'ਹਾਰਮੋਨਿਕ ਟੈਲੀਗ੍ਰਾਫ' ਦਾ ਨਾਂ ਦਿੱਤਾ।

ਗ੍ਰਾਹਮ ਤੋਂ 25 ਸਾਲ ਪਹਿਲਾਂ, ਮੋਰਿਸ ਨੇ 'ਤਾਰ-ਪ੍ਰਨਾਲ਼ੀ' ਚਾਲੂ ਕੀਤੀ ਸੀ। ਅਨੇਕ ਕਾਢਕਾਰ ਬੋਲਣ ਵਾਲ਼ੇ ਯੰਤਰ ਦੀ ਕਾਢ ਵਿੱਚ ਲੱਗੇ ਹੋਏ ਸਨ। ਗ੍ਰਾਹਮ ਨੂੰ ਇਹੋ ਚਿੰਤਾ ਸੀ ਕਿ ਇਸ ਤਰ੍ਹਾਂ ਦਾ ਯੰਤਰ ਕੋਈ ਹੋਰ ਉਸ ਤੋਂ ਪਹਿਲਾਂ ਨਾ ਬਣਾ ਲਵੇ।




ਗ੍ਰਾਹਮ ਬੈੱਲ ਨੇ ਆਪਣੇ ਇੱਕ ਮਕੈਨਿਕ ਦੋਸਤ 'ਥਾਮਸ ਏ ਵਾਟਸਨ' ਨਾਲ਼ ਰਲ਼ ਕੇ ਪਹਿਲਾ ਟੈਲੀਫ਼ੂਨ-ਯੰਤਰ ਬਣਾ ਲਿਆ। ਉਹਨਾਂ ਨੇ ਜੋ ਪਹਿਲਾ ਯੰਤਰ ਬਣਾਇਆ, ਉਸ ਵਿੱਚ ਤਾਰ ਰਾਹੀਂ ਬਿਜਲੀ ਭੇਜ ਕੇ ਅਵਾਜ਼ ਦੀਆਂ ਧੁਨੀਆਂ ਪੈਦਾ ਕੀਤੀਆਂ ਜਾਂਦੀਆਂ ਸਨ ਤੇ ਟ੍ਰਾਂਸਮੀਟਰ ਲਈ ਇੱਕੋ 'ਡਾਇਆਫ੍ਰਮ' ਸੀ। ਤਿੰਨ ਮਾਰਚ, 1876 ਨੂੰ ਇਸ ਦੀ ਪਹਿਲੀ ਪ੍ਰਦਰਸ਼ਨੀ ਕੀਤੀ ਗਈ। ਗ੍ਰਾਹਮ ਬੈੱਲ ਨੇ ਆਪਣੇ ਸੌਣ ਵਾਲ਼ੇ ਕਮਰੇ ਵਿੱਚੋਂ 'ਵਾਟਸਨ' ਨੂੰ ਇਹ ਸੁਨੇਹਾ ਯੰਤਰ ਰਾਹੀਂ ਭੇਜਿਆ, "ਵਾਟਸਨ ! ਛੇਤੀ ਆਓ, ਇੱਥੇ ਤੁਹਾਡੀ ਲੋੜ ਹੈ।"

ਇਹ ਘਟਨਾ ਅੱਜ ਅਮਰੀਕੀ ਲੋਕਾਂ ਵਿੱਚ ਦੰਦ-ਕਥਾ ਬਣ ਗਈ ਹੈ। ਇਸ ਯੰਤਰ ਦੀ ਦੂਜੀ ਪ੍ਰਦਰਸ਼ਨੀ ਗ੍ਰਾਹਮ ਬੈੱਲ ਨੇ 'ਫਿਲਾਡੈਲਫੀਆ ਸ਼ਤਾਬਦੀ' ਦੇ ਇੱਕ ਸਮਾਰੋਹ ਵਿੱਚ 1876 ਈਸਵੀ ਵਿੱਚ ਹੀ ਕਰ ਦਿੱਤੀ ਸੀ। ਇਸ ਪਿੱਛੋਂ 1876 ਈਸਵੀ ਵਿੱਚ 'ਬੈੱਲ ਟੈਲੀਫ਼ੂਨ-ਪ੍ਰਨਾਲ਼ੀ' ਦੀ ਬਾਕਾਇਦਾ ਸਥਾਪਨਾ ਕਰ ਦਿੱਤੀ ਗਈ। ਗ੍ਰਾਹਮ ਬੈੱਲ ਨੇ

ਅਮਰੀਕਾ ਦੀ ਇਸ ਟੈਲੀਫੂਨ-ਪ੍ਰਨਾਲ਼ੀ ਦਾ ਨਾਂ ਆਪਣੇ ਨਾਂ 'ਤੇ ਰੱਖਿਆ ਤੇ 'ਬੈੱਲ' (ਘੰਟੀ) ਇਸ ਦਾ ਚਿੰਨ੍ਹ ਬਣ ਗਿਆ।

ਟੈਲੀਫੂਨ ਦੀ ਹੁਣ ਦੀ ਸ਼ਕਲ ਬਣਾਉਣ ਵਿੱਚ ਕਈ ਵਿਗਿਆਨਕਾਂ ਨੇ ਕੰਮ ਕੀਤਾ। ਬੈੱਲ ਨੇ ਇਸ ਯੰਤਰ ਨੂੰ ਮੁਕੰਮਲ ਕਰਨ ਪਿੱਛੋਂ ਯਤਨ ਨਹੀਂ ਕੀਤੇ ਤੇ ਉਹ ਹੋਰ ਕਾਢਾਂ ਵੱਲ ਲੱਗ ਗਿਆ। ਉਹ ਬਚਪਨ ਵਿੱਚ ਚੰਚਲ ਸੁਭਾਅ ਦਾ ਸੀ ਤੇ ਕਈ ਨਵੀਂਆਂ-ਨਵੀਂਆਂ ਖੋਜਾਂ ਵੱਲ ਝੁਕਿਆ। ਟੈਲੀਫੂਨ ਦੀ ਇਸ ਕਾਢ ਬਦਲੇ ਵੀ ਉਸ ਨੂੰ ਕਾਫ਼ੀ ਇਨਾਮ ਮਿਲ਼ੇ। ਉਸ ਨੂੰ ਫ਼੍ਰਾਂਸੀਸੀ ਸਰਕਾਰ ਵੱਲੋਂ ਪੰਜਾਹ ਫ਼ਰਾਂਕ ਦਾ 'ਵੋਲਟਾ' ਇਨਾਮ ਮਿਲ਼ਿਆ।

ਅੱਜ ਟੈਲੀਫੂਨ ਰਾਹੀਂ ਸਾਰਾ ਸੰਸਾਰ ਇੱਕ-ਦੂਜੇ ਨਾਲ਼ ਜੁੜਿਆ ਹੋਇਆ ਹੈ। ਧਰਤੀ ਉੱਪਰ ਤੇ ਪਾਣੀ ਹੇਠਾਂ ਵਿਛੀਆਂ ਤਾਰਾਂ ਤੇ ਕੇਬਲਾਂ ਰਾਹੀਂ ਅਸੀਂ ਦੂਰ ਬੈਠੇ ਮਿੱਤਰਾਂ ਨਾਲ਼ ਸੰਪਰਕ ਕਾਇਮ ਕਰ ਕੇ ਗੱਲਾਂ ਕਰ ਸਕਦੇ ਹਾਂ। ਇਹ ਕਰਾਮਾਤ ਗ੍ਰਾਹਮ ਬੈੱਲ ਵਰਗੇ ਖੋਜੀਆਂ ਦੀ ਹੀ ਹੈ। ਅੱਜ ਟੈਲੀਫੂਨ ਚੁੰਬਕ ਰਾਹੀਂ ਕੰਮ ਕਰਦਾ ਹੈ ਤੇ ਇਸ ਕਰਾਮਤੀ ਕਾਢ ਨੇ ਸਮੇਂ ਤੇ ਸਥਾਨ ਦੀ ਵਿੱਥ ਘਟਾ ਦਿੱਤੀ ਹੈ।



ਗ੍ਰਾਹਮ ਬੈੱਲ 1898 ਤੋਂ 1903 ਤੱਕ ਨੈਸ਼ਨਲ ਜਿਉਗਰਾਫੀ ਸੁਸਾਇਟੀ ਦਾ ਪ੍ਰਧਾਨ ਬਣਿਆ ਰਿਹਾ। ਇਸ ਤਰ੍ਹਾਂ ਉਹ ਕਈ ਕੌਮਾਂਤਰੀ ਵਿਗਿਆਨਿਕ ਸਭਾਵਾਂ ਦਾ ਪ੍ਰਤੀਨਿਧ ਵੀ ਰਿਹਾ। ਉਸ ਦਾ ਘਰ ਸੰਸਾਰ ਦੇ ਵਿਗਿਆਨੀਆਂ ਦਾ ਵਿਸ਼ਰਾਮ-ਘਰ ਬਣਿਆ ਰਿਹਾ। ਸੰਸਾਰ ਭਰ ਦੇ ਸਾਇੰਸਦਾਨ, ਖੋਜੀ ਉਸ ਨੂੰ ਮਿਲ਼ਨ ਆਉਂਦੇ ਤੇ ਵਿਚਾਰ-ਵਟਾਂਦਰਾ ਕਰਦੇ ਸਨ। ਆਪਣੀ ਉਮਰ ਦੇ ਆਖ਼ਰੀ ਦਿਨਾਂ ਤੱਕ ਉਹ ਨਵੀਂਆਂ ਖੋਜਾਂ ਵਿੱਚ ਲੱਗਿਆ ਰਿਹਾ। ਉਹ ਅਕਸਰ ਸਕੂਲਾਂ-ਕਾਲਜਾਂ ਵਿੱਚ ਭਾਸ਼ਣ ਦੇਣ ਜਾਂਦਾ। ਉਸ ਨੇ ਕਈ-ਵਾਰ ਵਿਦਿਆਰਥੀਆਂ ਦੇ ਜਲਸੇ ਵਿੱਚ ਭਾਸ਼ਣ ਦੇਂਦਿਆਂ ਕਿਹਾ ਸੀ, "ਮੈਂ ਇਹ ਨਹੀਂ ਕਹਿ ਸਕਦਾ ਕਿ ਸਭ ਮੱਛੀਆਂ ਜ਼ਰੂਰ ਬੋਲਣਾ ਜਾਣਦੀਆਂ ਹਨ। ਜੇ ਮੇਰੇ ਕੋਲ਼ ਸੁਣਨ ਲਈ ਕੋਈ ਗੱਲ ਨਹੀਂ ਤਾਂ ਉਹਨਾਂ ਕੋਲ਼ ਕੰਨ ਕਿਉਂ ਹਨ? ਪਰ ਇਸ ਦਾ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਸਮੁੰਦਰ ਦੀਆਂ ਲਹਿਰਾਂ ਦੇ ਹੇਠਾਂ, ਅਵਾਜ਼ ਦਾ ਸੰਸਾਰ ਲੁਕਿਆ ਪਿਆ ਹੈ, ਜਿਸ ਨੂੰ ਅਸਾਂ ਖੋਜਣਾ ਹੈ, ਸ਼ਾਇਦ ਤੁਹਾਡੇ ਵਿੱਚੋਂ ਕੋਈ ਖੋਜ ਲਵੇ।" ਕੋਈ ਵੀ ਆਦਮੀ ਭਾਵੇਂ ਕਿੰਨਾ ਹੀ ਪੜ੍ਹਿਆ-ਲਿਖਿਆ ਹੋਵੇ ਉਹ ਵਿਚਾਰਾਂ ਦੀ ਮੌਲਿਕਤਾ ਬਾਝੋਂ ਕੋਈ ਖੋਜ ਨਹੀਂ ਕਰ ਸਕਦਾ। ਅੱਜ ਜੋ ਕੁਝ ਵੀ ਉਸ ਨੇ ਲੱਭਿਆ ਹੈ ਤੇ ਜਿਸ ਨਾਲ਼ ਮਨੁੱਖ-ਜਾਤੀ ਨੂੰ ਲਾਭ ਪਹੁੰਚਿਆ ਹੈ, ਸਾਰਾ ਕੁਝ ਇਹਨਾਂ ਮੌਲਿਕ ਵਿਚਾਰਾਂ ਵਾਲ਼ੇ ਉੱਦਮੀ ਬੰਦਿਆਂ ਦੇ ਸਦਕੇ ਹੀ ਹੈ।

## ਅਭਿਆਸ

### 1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:-

(ੳ) ਟੈਲੀਫੂਨ ਦੀ ਕਾਢ ਕਿਸ ਨੇ ਕੱਢੀ?

(ਅ) ਗ੍ਰਾਹਮ ਬੈੱਲ ਦੇ ਭਰਾ ਦਾ ਨਾਂ ਕੀ ਸੀ?

(ੲ) ਤਾਰ-ਪ੍ਰਨਾਲ਼ੀ ਕਿਸ ਨੇ ਸ਼ੁਰੂ ਕੀਤੀ ਸੀ?

(ਸ) ਬੈੱਲ ਟੈਲੀਫੂਨ-ਪ੍ਰਨਾਲ਼ੀ ਦੀ ਸਥਾਪਨਾ ਕਦੋਂ ਹੋਈ?

## 2. ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ:-

ਪ੍ਰਦਰਸ਼ਨੀ, ਵਿਗਿਆਨੀਆਂ, ਖੋਪਰੀਨੁਮਾ, ਗ੍ਰਾਹਮ ਬੈੱਲ, ਸੰਸਾਰ

(ੳ) ਉਹਨਾਂ ਨੇ ਖੇਡਾਂ-ਖੇਡਾਂ ਵਿੱਚ ਹੀ ਇੱਕ ਅਜਿਹਾ........ਡੱਬਾ ਜਿਹਾ ਬਣਾ ਲਿਆ।

(ਅ) ...........ਵਿੱਚ ਕਾਢਾਂ ਕੱਢਣ ਦੀ ਸੁਭਾਵਿਕ ਰੁਚੀ ਸੀ।

(ੲ) 3 ਮਾਰਚ, 1876 ਨੂੰ ਇਸ ਦੀ ਪਹਿਲੀ ............ਕੀਤੀ ਗਈ।

(ਸ) ਅੱਜ ਟੈਲੀਫ਼ੋਨ ਰਾਹੀਂ ਸਾਰਾ ..........ਇੱਕ-ਦੂਜੇ ਨਾਲ਼ ਜੁੜਿਆ ਹੋਇਆ ਹੈ।

(ਹ) ਉਸ ਦਾ ਘਰ ਸੰਸਾਰ ਦੇ ..........ਦਾ ਵਿਸ਼ਰਾਮ-ਘਰ ਬਣਿਆ ਰਿਹਾ।

## 3. ਵਾਕਾਂ ਵਿੱਚ ਵਰਤੋ:

ਮੌਲਿਕ, ਉੱਦਮੀ, ਸੁਭਾਵਿਕ, ਪ੍ਰਦਰਸ਼ਨੀ, ਦੰਦ-ਕਥਾ, ਸੰਪਰਕ, ਟੈਲੀਫ਼ੂਨ

## 4. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਭਰਾ | ............... | ............... |
| ਵਿਗਿਆਨਕ | ............... | ............... |
| ਵਿਸ਼ਵਾਸ | ............... | ............... |
| ਵਿਦਿਆਰਥੀ | ............... | ............... |
| ਪ੍ਰਯੋਗ | ............... | ............... |

## 5. ਸਹੀ ਵਿਕਲਪ ਚੁਣੋ (ਵਿਆਕਰਨ) :

ੳ. ਹੇਠ ਲਿਖੇ ਸ਼ਬਦਾਂ ਵਿੱਚ ਕਿਹੜਾ ਸ਼ਬਦ ਪੜਨਾਂਵ ਹੈ।

(ਕ) ਗ੍ਰਾਹਮ ਬੈੱਲ (ਖ) ਉਹ (ਗ) ਵਾਟਸਨ (ਘ) ਮੈਲਵਿਲ

ਅ. ਸ਼ੁੱਧ ਸ਼ਬਦ ਕਿਹੜਾ ਹੈ?

(ਕ) ਤਿਲੀਆਂ (ਖ) ਤਲੀਆਂ (ਗ) ਤੀਲੀਆਂ (ਘ) ਤਲਿਆਂ

ੲ. ਕਿਰਿਆ-ਸ਼ਬਦ ਚੁਣੋ :

(ਕ) ਤੁਹਾਡਾ (ਖ) ਦੰਦ-ਕਥਾ (ਗ) ਖੇਡਿਆ (ਘ) ਪ੍ਰਦਰਸ਼ਨੀ

ਸ. ਨਾਂਵ- ਸ਼ਬਦ ਕਿਹੜਾ ਹੈ?

(ਕ) ਲੁਕਿਆ (ਖ) ਉਹ (ਗ) ਸਥਾਪਨਾ (ਘ) ਗ੍ਰਾਹਮ ਬੈੱਲ

### ਰਚਨਾਤਮਿਕ ਕਾਰਜ:

(ੳ) ਟੈਲੀਫ਼ੂਨ ਵਾਂਗ ਹੋਰ ਕਿਹੜੇ ਯੰਤਰ ਅਜੋਕੇ ਸਮੇਂ ਗੱਲ-ਬਾਤ ਲਈ ਵਰਤੇ ਜਾਂਦੇ ਹਨ?

(ਅ) ਟੈਲੀਫ਼ੂਨ ਤੋਂ ਪਹਿਲਾਂ ਲੋਕਾਂ ਦੇ ਸੰਚਾਰ ਦੇ ਸਾਧਨ ਕੀ ਸਨ?

***

ਪਾਠ 7

# ਗੁਰੂ ਰਵਿਦਾਸ ਜੀ



ਸ੍ਰੀ ਗੁਰੂ ਰਵਿਦਾਸ ਜੀ ਭਾਰਤ ਦੇ ਮਹਾਨ ਸੰਤਾਂ ਵਿੱਚੋਂ ਹੋਏ ਹਨ। ਆਪ ਜੀ ਦਾ ਜੀਵਨ ਬੜਾ ਗੌਰਵਮਈ ਤੇ ਵਿਲੱਖਣ ਸੀ।

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਮਾਨਵਤਾ ਦਾ ਸੰਦੇਸ਼ ਦਿੱਤਾ। ਇਸੇ ਕਾਰਨ ਆਪ ਸਮੁੱਚੇ ਭਾਰਤ ਵਿੱਚ ਇੱਕ ਬਾਣੀਕਾਰ ਅਤੇ ਸਮਾਜ-ਸੁਧਾਰਕ ਵਜੋਂ ਸਤਿਕਾਰੇ ਜਾਂਦੇ ਹਨ।

ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਬਾਰੇ ਕਈ ਮੱਤ ਪ੍ਰਚਲਿਤ ਹਨ। ਉਨ੍ਹਾਂ ਦਾ ਜਨਮ ਉੱਤਰ ਪ੍ਰਦੇਸ਼ ਦੇ ਬਨਾਰਸ ਸ਼ਹਿਰ ਵਿੱਚ ਗੋਵਰਧਨਪੁਰ ਵਿਖੇ 1398 ਈ. ਦੇ ਨੇੜੇ-ਤੇੜੇ ਮਾਘ ਮਹੀਨੇ ਦੀ ਪੂਰਨਮਾਸੀ ਵਾਲ਼ੇ ਦਿਨ ਹੋਇਆ ਮੰਨਿਆ ਜਾਂਦਾ ਹੈ। ਉਹਨਾਂ ਦੇ ਮਾਤਾ ਜੀ ਦਾ ਨਾਂ ਕਲਸਾ ਦੇਵੀ ਅਤੇ ਪਿਤਾ ਦਾ ਨਾ ਸੰਤੋਖ ਦਾਸ (ਰਘੂ) ਸੀ।

ਗੁਰੂ ਰਵਿਦਾਸ ਜੀ ਦੇ ਸਮੇਂ ਭਾਰਤੀ ਸਮਾਜ ਜਾਤ-ਪਾਤ ਦੇ ਭੇਦਾਂ ਅਤੇ ਪਖੰਡਾਂ ਦੇ ਹਨੇਰੇ ਵਿੱਚ ਡੁੱਬਿਆ ਹੋਇਆ ਸੀ। ਆਪ ਨੇ ਆਪਣੀ ਬਾਣੀ ਰਾਹੀਂ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਬਾਹਰ ਕੱਢਣ ਦੇ ਲੇਖੇ ਲਾਇਆ। ਗੁਰੂ ਰਵਿਦਾਸ ਜੀ ਨੇ ਸੱਚ ਬੋਲਣ, ਨੇਕੀ ਕਰਨ, ਦੂਜਿਆਂ ਦੀ ਸਹਾਇਤਾ ਕਰਨ, ਪ੍ਰਭੂ-ਸਿਮਰਨ ਅਤੇ ਹੱਥੀਂ ਕੰਮ ਕਰਨ ਦੀ ਸਿੱਖਿਆ ਦਿੱਤੀ।

ਗੁਰੂ ਰਵਿਦਾਸ ਜੀ ਨੇ ਉਪਦੇਸ਼ ਦਿੱਤਾ ਕਿ ਮਾਇਆ, ਮੋਹ, ਹੰਕਾਰ ਅਤੇ ਈਰਖਾ ਵਰਗੇ ਵਿਕਾਰਾਂ ਨੇ ਬੰਦੇ ਦੇ ਆਤਮਿਕ ਗੁਣਾਂ ਨੂੰ ਪਲੀਤ ਕੀਤਾ ਹੋਇਆ ਹੈ। ਕਈ ਬੰਦੇ ਉੱਚੀ ਕੁਲ ਨਾਲ਼ ਸੰਬੰਧਿਤ ਹੋਣ ਦਾ ਹੰਕਾਰ ਕਰਦੇ ਹਨ। ਕਈ ਵਿਦਵਾਨ ਅਤੇ ਦਾਨੀ ਹੋਣ ਦਾ ਅਭਿਮਾਨ ਕਰਦੇ ਹਨ। ਆਪ ਨੇ ਇਹਨਾਂ ਵਿਚਾਰਾਂ ਦਾ ਖੰਡਨ ਕੀਤਾ। ਆਪ ਨੇ ਆਪਣੀ ਬਾਣੀ ਰਾਹੀਂ ਸੁਨੇਹਾ ਦਿੱਤਾ ਕਿ ਪਰਮਾਤਮਾ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹਨ। ਕੋਈ ਉੱਚੀ-ਨੀਵੀਂ ਜਾਤ ਦਾ ਨਹੀਂ। ਆਪ ਆਪਣੇ -ਆਪ ਨੂੰ 'ਪ੍ਰਭੂ-ਪਿਆਰਾ' ਕਹਿ ਕੇ ਭੇਖੀਆਂ ਨੂੰ ਚੁੱਪ ਕਰਵਾ ਦਿੰਦੇ ਸਨ। ਆਪ ਨੇ ਕਿਹਾ:

"ਕਹਿ ਰਵਿਦਾਸ ਜੋ ਜਪੈ ਨਾਮੁ
ਤਿਸੁ ਜਾਤਿ ਨ ਜਨਮੁ ਨਾ ਜੋਨਿ ਕਾਮੁ"

ਗੁਰੂ ਰਵਿਦਾਸ ਜੀ ਨੇ ਸਫਲ ਪਰਿਵਾਰਕ ਜੀਵਨ ਬਤੀਤ ਕੀਤਾ। ਆਪ ਗ੍ਰਿਹਸਥ ਵਿੱਚ ਰਹਿ ਕੇ ਘਰੇਲੂ ਤੇ ਕਾਰੋਬਾਰੀ ਕਾਰਜ ਕਰਦੇ ਰਹੇ। ਆਪ ਭਜਨ -ਬੰਦਗੀ ਵਿੱਚ ਲੀਨ ਰਹਿੰਦੇ ਸਨ। ਕਿੱਤੇ ਵੱਲੋਂ ਆਪ ਜੀ ਜੁੱਤੀਆਂ ਗੰਢਣ, ਚਮੜਾ ਰੰਗਣ ਤੇ ਵੇਚਣ ਦਾ ਕੰਮ ਕਰਦੇ ਸਨ ਪਰ ਆਪ ਜੀ ਦਾ ਅਸਲੀ ਜੀਵਨ-ਮਨੋਰਥ ਪ੍ਰਭੂ-ਭਗਤੀ ਵਿੱਚ ਲੀਨ ਰਹਿਣਾ ਸੀ। ਆਪ ਜੀ ਦੀ ਭਗਤੀ-ਭਾਵਨਾ ਸ਼ੁੱਧ ਪ੍ਰੇਮ 'ਤੇ ਆਧਾਰਿਤ ਸੀ। ਉਸ ਸਮੇਂ ਦੇ ਧਾਰਮਿਕ ਆਗੂਆਂ ਨੇ ਸਮਾਜ ਵਿੱਚ ਵੰਡੀਆਂ ਪਾਈਆਂ ਹੋਈਆਂ ਸਨ ਪਰ ਗੁਰੂ ਰਵਿਦਾਸ ਜੀ ਕੁਦਰਤ ਤੇ ਸਭ ਜੀਅ-ਜੰਤ ਨੂੰ ਪਰਮਾਤਮਾ ਦਾ ਪੈਦਾ ਕੀਤਾ ਮੰਨਦੇ ਸਨ। ਇਹਨਾਂ ਵਿਚਾਰਾਂ ਲਈ ਆਪ ਨੂੰ ਤਕੜਾ ਵਿਰੋਧ ਸਹਿਣਾ ਪਿਆ ਤੇ ਆਪ ਨੂੰ ਉਸ ਸਮੇਂ ਦੇ ਧਾਰਮਿਕ ਆਗੂਆਂ ਦਾ ਮੁਕਾਬਲਾ ਕਰਨਾ ਪਿਆ। ਉਹਨਾਂ ਦੀਆਂ ਦਲੀਲਾਂ ਅੱਗੇ ਭੁਲੇਖਾ ਪਾਉਣ ਵਾਲ਼ੇ ਪਖੰਡੀਆਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਆਪ ਸਮਾਜ ਵਿੱਚ ਫੈਲੇ ਕਰਮ -ਕਾਂਡਾਂ ਤੋਂ ਨਿਰਲੇਪ ਰਹਿੰਦੇ ਤੇ ਪ੍ਰਭੂ- ਚਰਨਾਂ ਵਿੱਚ ਬਿਰਤੀ ਲਾਈ ਰੱਖਦੇ।

ਗੁਰੂ ਰਵਿਦਾਸ ਜੀ ਦੀ ਪਵਿੱਤਰ ਬਾਣੀ ਦੀ ਉੱਚਤਾ ਨੂੰ ਸਤਿਕਾਰ ਦੇਂਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ੇਸ਼ ਸਥਾਨ ਦਿੱਤਾ। ਆਪ ਦੇ 40 ਪਦੇ ਦਰਜ ਕਰ ਕੇ 'ਮਾਨਸ ਕੀ ਜਾਤਿ ਸਭੈ ਏਕੈ ਪਹਚਾਨਬੋ' ਦੇ ਕਥਨ ਨੂੰ ਪੂਰਾ ਕੀਤਾ ਅਤੇ ਆਪ ਜੀ ਦੀ ਨਾਮ-ਭਗਤੀ ਦੀ ਮਹਿਮਾ ਵੀ ਕੀਤੀ।

ਗੁਰੂ ਰਵਿਦਾਸ ਜੀ ਨੇ ਮਰਦ ਅਤੇ ਔਰਤ ਦੇ ਭੇਦ-ਭਾਵ ਨੂੰ ਛੱਡ ਕੇ ਸਭਨਾਂ ਨੂੰ ਸਾਂਝਾ ਉਪਦੇਸ਼ ਦਿੱਤਾ। ਰਾਣੀ ਝਾਂਸੀ, ਮੀਰਾਂ ਬਾਈ, ਰਾਜਾ ਪੀਪਾ ਅਤੇ ਕਈ ਹੋਰ ਉੱਚ ਕੁਲ ਦੇ ਲੋਕਾਂ ਨੇ ਆਪ ਜੀ ਪਾਸੋਂ ਦੀਖਿਆ ਲਈ।

ਪ੍ਰਭੂ-ਭਗਤੀ ਅਤੇ ਕਿਰਤ ਕਰਨ ਦੀ ਮਹੱਤਤਾ ਦੇ ਗੁਣਾਂ ਕਾਰਨ ਆਪ ਜੀ ਨੂੰ ਆਪਣੇ ਸਮੇਂ ਦੇ ਵੱਡੇ ਸਮਾਜ-ਸੁਧਾਰਕ ਮੰਨਿਆ ਜਾਂਦਾ ਹੈ। ਸ਼ਿਰੋਮਣੀ ਸੰਤ ਅਤੇ ਯੁੱਗ-ਪੁਰਸ਼ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਆਪ 1540 ਈ. ਵਿੱਚ ਪਰਲੋਕ ਸਿਧਾਰ ਗਏ। ਗੁਰੂ ਰਵਿਦਾਸ ਜੀ ਦੇ ਸ਼ਰਧਾਲੂਆਂ ਨੇ ਉਹਨਾਂ ਦੇ ਸਤਿਕਾਰ ਲਈ ਅਨੇਕਾਂ ਗੁਰਦਵਾਰੇ ਅਤੇ ਮੰਦਰ ਬਣਾਏ ਹਨ ਜਿੱਥੇ ਸ਼ਰਧਾਲੂ ਆਪ ਜੀ ਦੇ ਜੀਵਨ ਅਤੇ ਬਾਣੀ ਦਾ ਪ੍ਰਚਾਰ ਕਰਦੇ ਹਨ। ਆਪ ਜੀ ਦਾ ਜਨਮ-ਦਿਵਸ ਹਰ ਸਾਲ ਬੜੇ ਉਤਸ਼ਾਹ ਅਤੇ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ, ਨਗਰ-ਕੀਰਤਨ ਅਤੇ ਝਾਕੀਆਂ ਕੱਢੀਆਂ ਜਾਂਦੀਆਂ ਹਨ। ਆਪ ਦੀ ਬਾਣੀ ਦੇ ਕੀਰਤਨ ਕੀਤੇ ਜਾਂਦੇ ਹਨ। ਇਸ ਮੌਕੇ ਗੁਰੂ ਰਵਿਦਾਸ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਯਾਦ ਕੀਤਾ ਜਾਂਦਾ ਹੈ। ਸਾਨੂੰ ਉਹਨਾਂ ਦੀ ਬਾਣੀ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

## ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :-

(ੳ) 'ਗੁਰੂ ਰਵਿਦਾਸ ਜੀ' ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

(ਅ) ਪੁਰਾਤਨ ਸਮਾਜ ਕਿਸ ਹਨੇਰੇ ਵਿੱਚ ਡੁੱਬਿਆ ਹੋਇਆ ਸੀ ?

(ੲ) ਗੁਰੂ ਰਵਿਦਾਸ ਜੀ ਨੇ ਕੀ ਸਿੱਖਿਆ ਦਿੱਤੀ ?

(ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਵਿਦਾਸ ਜੀ ਦੇ ਕਿੰਨੇ ਪਦੇ ਦਰਜ ਹਨ?

## 2. ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ:–

ਕਰਮਾ ਦੇਵੀ, ਮਹਾਨ, ਪ੍ਰਭੂ–ਪਿਆਰਾ, ਬਾਣੀ, ਬਰਾਬਰ

(ੳ) ਗੁਰੂ ਰਵਿਦਾਸ ਜੀ ਭਾਰਤ ਦੇ ..........ਸੰਤਾਂ ਵਿੱਚੋਂ ਹੋਏ ਹਨ।

(ਅ) ਸਾਨੂੰ ਉਹਨਾਂ ਦੀ .........ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

(ੲ) ਗੁਰੂ ਰਵਿਦਾਸ ਜੀ ਦੀ ਮਾਤਾ ਦਾ ਨਾਂ..........ਸੀ।

(ਸ) ਪਰਮਾਤਮਾ ਦੀਆਂ ਨਜ਼ਰਾਂ ਵਿੱਚ ਸਭ ...........ਹਨ।

(ਹ) ਆਪ ਆਪਣੇ–ਆਪ ਨੂੰ ......ਕਹਿ ਕੇ ਭੇਖੀਆਂ ਨੂੰ ਚੁੱਪ ਕਰਵਾ ਦਿੰਦੇ ਸਨ।

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ:

(ੳ) ਗੁਰੂ ਰਵਿਦਾਸ ਜੀ ਪਾਸੋਂ ਕਿਹੜੇ–ਕਿਹੜੇ ਲੋਕਾਂ ਨੇ ਦੀਖਿਆ ਲਈ ?

(ਅ) ਗੁਰੂ ਰਵਿਦਾਸ ਜੀ ਨੇ ਕੀ ਉਪਦੇਸ਼ ਦਿੱਤਾ?

## 4. ਸਹੀ ਵਿਕਲਪ ਚੁਣੋ:

(ੳ) ਕਈ ਬੰਦੇ ਉੱਚੀ ਕੁਲ ਹੋਣ ਦਾ ਕੀ ਕਰਦੇ ਸਨ ?

(ਕ) ਸਤਿਕਾਰ (ਖ) ਹੰਕਾਰ (ਗ) ਅਧਿਕਾਰ

(ਅ) ਗੁਰੂ ਰਵਿਦਾਸ ਜੀ ਲੀਨ ਰਹਿੰਦੇ ਸਨ :

(ਕ) ਭਜਨ– ਬੰਦਗੀ ਵਿੱਚ (ਖ) ਘਰੇਲੂ ਕੰਮਾਂ ਵਿੱਚ (ਗ) ਬੰਧਨਾਂ ਵਿੱਚ

(ੲ) ਪਰਮਾਤਮਾ ਦੀਆਂ ਨਜ਼ਰਾਂ ਵਿੱਚ ਸਭ ਹਨ:

(ਕ) ਅਮੀਰ–ਗ਼ਰੀਬ (ਖ) ਵੱਡੇ–ਛੋਟੇ (ਗ) ਬਰਾਬਰ

## 5. ਵਾਕ ਬਣਾਓ:–

ਮਾਨਵਤਾ, ਭੇਖੀ, ਬਾਣੀ, ਨਿਰਲੇਪ, ਪਰਮਾਤਮਾ, ਸਮਾਜ–ਸੁਧਾਰਕ

### ਰਚਨਾਤਮਿਕ ਕਾਰਜ:

ਆਪਣੇ ਇਲਾਕੇ ਵਿੱਚ ਗੁਰੂ ਰਵਿਦਾਸ ਜੀ ਦੇ ਜਨਮ 'ਤੇ ਹੋਣ ਵਾਲ਼ੇ ਸਮਾਗਮ ਬਾਰੇ 10 ਸਤਰਾਂ ਲਿਖੋ।

* * *



ਪਾਠ 8

# ਚਿੜੀ ਦਾ ਬੋਟ

ਇਹ ਉਦੋਂ ਦੀ ਗੱਲ ਹੈ ਜਦੋਂ ਮੈਂ ਦੂਸਰੀ ਜਮਾਤ ਵਿੱਚ ਪੜ੍ਹਦਾ ਸੀ। ਸਾਡੀ ਜਮਾਤ ਦੇ ਕਮਰੇ ਵਿੱਚ ਕੁਝ ਕੁ ਪੁਰਾਣੀਆਂ ਤਸਵੀਰਾਂ ਫ਼੍ਰੇਮ ਕਰ ਕੇ ਟੰਗੀਆਂ ਹੋਈਆਂ ਸਨ। ਉਹਨਾਂ ਫੋਟੋਆਂ ਦੇ ਪਿਛਲੇ ਪਾਸੇ ਅਕਸਰ ਚਿੜੀਆਂ ਆਪਣੇ ਆਲ੍ਹਣੇ ਬਣਾਉਂਦੀਆਂ ਰਹਿੰਦੀਆਂ। ਕਦੇ ਵੀ ਕਿਸੇ ਨੇ ਚਿੜੀਆਂ ਨੂੰ ਉੱਥੇ ਆਲ੍ਹਣੇ ਪਾਉਣ ਤੋਂ ਰੋਕਿਆ ਨਹੀਂ ਸੀ।

ਇੱਕ ਦਿਨ ਅੱਧੀ ਛੁੱਟੀ ਵੇਲ਼ੇ ਪ੍ਰਕਾਸ਼, ਮਣੀਆ ਤੇ ਮੈਂ ਮਿਲ਼ ਕੇ ਖਾਣਾ ਖਾ ਰਹੇ ਸਾਂ ਕਿ ਅਚਾਨਕ ਚਿੜੀਆਂ ਦੀ ਚੀਂ-ਚੀਂ ਦੇ ਸ਼ੋਰ ਨੇ ਸਾਡਾ ਧਿਆਨ ਆਪਣੇ ਵੱਲ ਖਿੱਚ ਲਿਆ। ਅਸੀਂ ਦੇਖਿਆ ਕਿ ਆਲ੍ਹਣੇ ਵਿੱਚੋਂ ਇੱਕ ਬੋਟ ਡਿਗ ਜਾਣ ਕਾਰਨ ਚਿੜੀਆਂ ਸ਼ੋਰ ਮਚਾ ਰਹੀਆਂ ਸਨ। ਸਾਨੂੰ ਸਾਰਿਆਂ ਨੂੰ ਖਾਣਾ ਭੁੱਲ ਗਿਆ ਅਤੇ ਅਸੀਂ ਬੋਟ ਨੂੰ ਆਲ੍ਹਣੇ ਵਿੱਚ ਰੱਖਣ ਦੀ ਤਰਕੀਬ ਸੋਚਣ ਲੱਗੇ। ਸੋ, ਇਸ ਕੰਮ ਲਈ ਮਾਸਟਰ ਜੀ ਦਾ ਮੇਜ਼ ਵਰਤਣ ਦਾ ਫ਼ੈਸਲਾ ਹੋਇਆ।

ਮੇਜ਼ ਬਹੁਤ ਭਾਰਾ ਸੀ। ਅਸੀਂ ਬੜੀ ਮੁਸ਼ਕਲ ਨਾਲ਼ ਮੇਜ਼ ਚੁੱਕਿਆ ਅਤੇ ਆਲ੍ਹਣੇ ਵਾਲ਼ੀ ਤਸਵੀਰ ਦੇ ਹੇਠਾਂ ਲਿਆ ਰੱਖਿਆ। ਮੇਜ਼ 'ਤੇ ਚੜ੍ਹ ਕੇ ਵੀ ਸਾਡੇ ਵਿਚੋਂ ਕਿਸੇ ਦਾ ਹੱਥ ਆਲ੍ਹਣੇ ਤੱਕ ਨਹੀਂ ਸੀ ਪਹੁੰਚਦਾ। ਫਿਰ ਅਸੀਂ ਇੱਕ ਨਵੀਂ ਤਰਕੀਬ ਬਣਾਈ।

ਪ੍ਰਕਾਸ਼ ਸਾਡੇ ਸਭਨਾਂ ਵਿੱਚੋਂ ਤਕੜਾ ਸੀ। ਉਹ ਘੋੜੀ ਬਣਿਆ, ਮਣੀਆ ਉਸ ਦੇ ਉੱਪਰ ਬੈਠਾ ਤੇ ਬੋਟ ਨੂੰ ਹੱਥ ਵਿੱਚ ਲੈ ਕੇ ਮੈਂ ਮਣੀਏ ਦੇ ਮੋਢਿਆਂ 'ਤੇ ਚੜ੍ਹਿਆ। ਇਸ ਤਰ੍ਹਾਂ ਬੋਟ ਨੂੰ ਉਸ ਦੇ ਆਲ੍ਹਣੇ ਵਿੱਚ ਪਹੁੰਚਾਇਆ।

ਜਿਉਂ ਹੀ ਮੈਂ ਬੋਟ ਨੂੰ ਚੁੱਕਿਆ, ਚਿੜੀਆਂ ਨੇ ਬਹੁਤ ਸ਼ੋਰ ਮਚਾਇਆ। ਉਹ ਬੜੀ ਤੇਜ਼ੀ ਨਾਲ਼ ਇੱਧਰ-ਉੱਧਰ ਉੱਡੀਆਂ। ਜਦੋਂ ਬੋਟ ਆਲ੍ਹਣੇ ਵਿੱਚ ਪਹੁੰਚ ਗਿਆ ਤੇ ਅਸੀਂ ਹੇਠਾਂ ਉੱਤਰ ਆਏ ਤਾਂ ਉਹਨਾਂ ਦੀ ਜਾਨ ਵਿੱਚ ਜਾਨ ਆਈ। ਹੁਣ ਅਸੀਂ ਆਪਣੀ ਰੋਟੀ ਵੱਲ ਭੱਜੇ। ਜਿੰਨਾ ਚਿਰ ਅਸੀਂ ਰੋਟੀ ਖਾਂਦੇ ਰਹੇ, ਓਨਾ ਚਿਰ ਚਿੜੀਆਂ ਚੁੱਪ-ਚਾਪ ਦਰਵਾਜ਼ੇ 'ਤੇ ਬੈਠੀਆਂ ਸਾਡੇ ਵੱਲ ਇੰਞ ਵੇਖਦੀਆਂ ਰਹੀਆਂ, ਜਿਵੇਂ ਸਾਡਾ ਧੰਨਵਾਦ ਕਰ ਰਹੀਆਂ ਹੋਣ। ਸਾਨੂੰ ਸਭ ਨੂੰ ਬਹੁਤ ਖ਼ੁਸ਼ੀ ਹੋਈ ਕਿ ਅਸੀਂ ਕੋਈ ਚੰਗਾ ਕੰਮ ਕੀਤਾ ਹੈ।

ਮੇਜ਼ ਵਾਪਸ ਆਪਣੀ ਥਾਂ 'ਤੇ ਰੱਖਦੇ ਹੋਏ ਸਾਡੇ ਕੋਲ਼ੋਂ ਮਾਸਟਰ ਜੀ ਦੇ ਮੇਜ਼ 'ਤੇ ਪਈ ਸਿਆਹੀ ਦੀ ਦਵਾਤ ਡਿਗ ਕੇ ਟੁੱਟ ਗਈ। ਬੱਸ, ਫਿਰ ਕੀ ਸੀ, ਸਾਡੇ ਸਾਹ ਸੁੱਕ ਗਏ। ਸਾਡੀ ਸਾਰੀ ਖ਼ੁਸ਼ੀ ਖ਼ਤਮ ਹੋ ਗਈ ਤੇ ਲੱਗੇ ਅਸੀਂ ਇੱਕ- ਦੂਜੇ ਨੂੰ ਦੋਸ਼ ਦੇਣ।

ਅੱਧੀ ਛੁੱਟੀ ਖ਼ਤਮ ਹੋਈ। ਮਾਸਟਰ ਜੀ ਦੇ ਆਉਂਦਿਆਂ ਹੀ ਮਨੀਟਰ ਨੇ ਸਾਡੀ ਸ਼ਿਕਾਇਤ ਲਾ ਦਿੱਤੀ ਕਿ ਅੱਧੀ ਛੁੱਟੀ ਵੇਲ਼ੇ ਇਹਨਾਂ ਤਿੰਨਾਂ ਦੇ ਕਮਰੇ ਵਿੱਚ ਰਹਿਣ ਦੀ ਵਾਰੀ ਸੀ ਤੇ ਇਹਨਾਂ ਨੇ ਤੁਹਾਡੀ ਦਵਾਤ ਤੋੜ ਦਿੱਤੀ ਹੈ।

ਸਾਨੂੰ ਦੂਰੋਂ ਹੀ ਖੜ੍ਹੇ ਹੋਣ ਲਈ ਕਹਿੰਦੇ ਹੋਏ ਮਾਸਟਰ ਜੀ ਸਾਡੇ ਕੋਲ਼ ਆਏ ਤੇ ਬਿਨਾਂ ਕੁਝ ਪੁੱਛਿਆਂ ਹੀ ਦੋ-ਦੋ ਥੱਪੜ ਟਿਕਾ ਦਿੱਤੇ ਤੇ ਫਿਰ ਪੁੱਛਿਆ ਕਿ ਦਵਾਤ ਕਿਵੇਂ ਟੁੱਟੀ?

ਹਿੰਮਤ ਕਰ ਕੇ ਡੁਸਕਦੇ-ਡੁਸਕਦੇ ਮੈਂ ਦੱਸਿਆ ਕਿ ਚਿੜੀ ਦੇ ਬੋਟ ਨੂੰ ਆਲ੍ਹਣੇ ਵਿੱਚ ਰੱਖਣ ਲਈ ਅਸੀਂ ਮੇਜ਼ ਚੁੱਕਿਆ ਸੀ।

ਫਿਰ ਕੀ ਸੀ, ਮੇਰੀ ਗੱਲ ਸੁਣ ਕੇ ਮਾਸਟਰ ਜੀ ਨੇ ਦੋ ਥੱਪੜ ਮਨੀਟਰ ਨੂੰ ਜੜ ਦਿੱਤੇ ਅਤੇ ਨਾਲ਼ ਹੀ ਮੁਰਗਾ ਬਣਨ ਲਈ ਕਿਹਾ। ਮਾਸਟਰ ਜੀ ਨੂੰ ਗ਼ੁੱਸਾ ਸੀ ਕਿ ਮਨੀਟਰ ਨੇ ਉਹਨਾਂ ਨੂੰ ਪੂਰੀ ਗੱਲ ਕਿਉਂ ਨਹੀਂ ਦੱਸੀ। ਮਾਸਟਰ ਜੀ ਨੇ ਸਾਨੂੰ ਸ਼ਾਬਾਸ਼ ਦਿੱਤੀ, ਪਿਆਰ ਵੀ ਕੀਤਾ ਤੇ 'ਸੌਰੀ' ਵੀ ਕਿਹਾ। ਪਰ ਸ਼ਾਇਦ ਉਦੋਂ ਸਾਨੂੰ 'ਸੌਰੀ' ਲਫ਼ਜ਼ ਦਾ ਮਤਲਬ ਨਹੀਂ ਸੀ ਪਤਾ।

## ਅਭਿਆਸ

### 1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

(ੳ) ਅੱਧੀ ਛੁੱਟੀ ਵੇਲ਼ੇ ਖਾਣਾ ਕੌਣ ਖਾ ਰਹੇ ਸਨ?

(ਅ) ਮਾਸਟਰ ਜੀ ਦੀ ਕਿਹੜੀ ਚੀਜ਼ ਟੁੱਟ ਗਈ ਸੀ?

(ੲ) ਬੱਚਿਆਂ ਨੇ ਬੋਟ ਨੂੰ ਕੀ ਕੀਤਾ?

(ਸ) ਮਾਸਟਰ ਜੀ ਨੂੰ ਗ਼ੁੱਸਾ ਕਿਉਂ ਆਇਆ?

### 2. ਸਹੀ ਵਿਕਲਪ ਚੁਣੋ :

(ੳ) ਕਮਰੇ ਵਿੱਚ ਕੀ ਟੰਗਿਆ ਹੋਇਆ ਸੀ?

(ਕ) ਡੱਬੇ (ਖ) ਫੋਟੋਆਂ (ਗ) ਕਲੰਡਰ

(ਅ) ਮਾਸਟਰ ਜੀ ਨੂੰ ਪੂਰੀ ਗੱਲ ਕਿਸ ਨੇ ਨਹੀਂ ਦੱਸੀ?

(ਕ) ਪ੍ਰਕਾਸ਼ (ਖ) ਮਣੀਆ (ਗ) ਮਨੀਟਰ

(ੲ) ਬੱਚਿਆਂ ਨੇ ਆਲ੍ਹਣੇ ਵਿੱਚ ਕੀ ਰੱਖਿਆ?

(ਕ) ਰੋਟੀ (ਖ) ਬੋਟ (ਗ) ਪਾਣੀ

### 3. ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

ਸੌਰੀ, ਬੋਟ, ਸ਼ਾਬਾਸ਼, ਚੰਗਾ, ਕੰਮ, ਚਿੜੀਆਂ

(ੳ) ਸਭ ਨੂੰ ਖ਼ੁਸ਼ੀ ਹੋਈ ਕਿ ਅਸੀਂ............ਕੀਤਾ ਹੈ।

(ਅ) ...........ਦੀ ਚੀਂ,ਚੀਂ ਦੇ ਸ਼ੋਰ ਨੇ ਸਾਡਾ ਧਿਆਨ ਖਿੱਚ ਲਿਆ।

(ੲ) ਅਸੀਂ.........ਨੂੰ ਆਲ੍ਹਣੇ ਵਿੱਚ ਰੱਖਣ ਦੀ ਤਰਕੀਬ ਸੋਚਣ ਲੱਗੇ।

(ਸ) ਮਾਸਟਰ ਜੀ ਨੇ ਸਾਨੂੰ.........ਦਿੱਤੀ।

(ਹ) ਉਦੋਂ ਸਾਨੂੰ.........ਲਫ਼ਜ਼ ਦਾ ਮਤਲਬ ਨਹੀਂ ਸੀ ਪਤਾ।

### 4. ਵਾਕ ਬਣਾਓ:

ਹਿੰਮਤ, ਖ਼ੁਸ਼ੀ, ਬੋਟ, ਆਲ੍ਹਣੇ, ਚਿੜੀਆਂ, ਦਵਾਤ

## 5. ਵਿਆਕਰਨ:

ਹੇਠਾਂ ਦਿੱਤੇ ਸ਼ਬਦਾਂ ਦੇ ਲਿੰਗ ਬਦਲੋ

ਚਿੜੀ, ਬੱਚਾ, ਘੋੜੀ, ਮੁਰਗ਼ਾ

## 6. ਵਿਰੋਧੀ ਸ਼ਬਦ ਲਿਖੋ:

ਉੱਪਰ, ਭਾਰੀ, ਤਕੜਾ, ਬੈਠਾ, ਉੱਤਰਨਾ

### ਰਚਨਾਤਮਿਕ ਕਾਰਜ:

(ੳ) ਆਪਣੇ ਆਲ਼ੇ-ਦੁਆਲ਼ੇ ਰਹਿੰਦੇ 10 ਪੰਛੀਆਂ ਦੇ ਨਾਂ ਲਿਖੋ।

(ਅ) ਆਪਣੇ ਜੀਵਨ ਦੀ ਪੰਛੀਆਂ ਬਾਰੇ ਕੋਈ ਯਾਦ ਸਾਥੀਆਂ ਨੂੰ ਸੁਣਾਓ।

* * *

ਪਾਠ
9

# ਯਾਤਰਾ : ਸ੍ਰੀ ਅਮਰਨਾਥ




ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਤੋਂ ਪਹਿਲਾਂ ਸਾਥੀਆਂ ਵਿੱਚ ਇਹ ਚਰਚਾ ਸ਼ੁਰੂ ਹੋ ਗਈ ਕਿ ਐਤਕੀਂ ਛੁੱਟੀਆਂ ਕਿਵੇਂ ਬਿਤਾਈਆਂ ਜਾਣ। ਸਾਥੀਆਂ ਨੇ ਕਈ ਸਥਾਨਾਂ 'ਤੇ ਜਾਣ ਦੀ ਸਲਾਹ ਬਣਾਈ ਪਰ ਅਖ਼ੀਰ 'ਚ ਗੱਲ ਸ੍ਰੀ ਅਮਰਨਾਥ 'ਤੇ ਆ ਕੇ ਰੁਕੀ। ਇਹ ਸਥਾਨ ਜੰਮੂ-ਕਸ਼ਮੀਰ ਪ੍ਰਾਂਤ ਵਿੱਚ ਪੈਂਦਾ ਹੈ। ਇਸ ਬਾਰੇ ਸਾਰੇ ਸਹਿਮਤ ਹੋ ਗਏ ਕਿਉਂਕਿ ਇਹ ਸਥਾਨ ਪਹਿਲਾਂ ਸਾਡੇ ਵਿੱਚੋਂ ਕਿਸੇ ਨੇ ਵੀ ਨਹੀਂ ਸੀ ਦੇਖਿਆ। ਇਸ ਸਥਾਨ ਬਾਰੇ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਤਿਆਰੀਆਂ ਸ਼ੁਰੂ ਹੋ ਗਈਆਂ ਅਤੇ ਚੱਲਣ ਲਈ ਦਿਨ ਮਿਥ ਲਿਆ ਗਿਆ।

ਗੜ੍ਹਸ਼ੰਕਰ ਤੋਂ ਯਾਤਰੀ ਬੱਸ ਫੜ ਕੇ ਅਸੀਂ ਚੰਡੀਗੜ੍ਹ-ਜੰਮੂ ਮਾਰਗ ਰਾਹੀਂ ਅੱਧੀ ਰਾਤ ਬਾਰਾਂ ਕੁ ਵਜੇ ਲਖਨਪੁਰ ਸਰਹੱਦ 'ਤੇ ਪਹੁੰਚੇ। ਇੱਥੋਂ ਜੰਮੂ-ਕਸ਼ਮੀਰ ਪ੍ਰਾਂਤ ਸ਼ੁਰੂ ਹੁੰਦਾ ਹੈ। ਇੱਥੇ ਚੈੱਕਿੰਗ ਅਤੇ ਟੈਂਕਸ ਅਦਾ ਕਰਨ ਲਈ ਕਾਫ਼ੀ ਸਮਾਂ ਰੁਕਣਾ ਪਿਆ। ਜ਼ਿਆਦਾਤਰ ਯਾਤਰੀ ਇੱਥੋਂ ਦੇ ਮਸ਼ਹੂਰ ਪਕਵਾਨ ਲੱਡੂਆਂ ਦਾ ਸੁਆਦ ਚੱਖ ਰਹੇ ਸਨ। ਰਾਤ ਦੋ ਵਜੇ ਦੇ ਕਰੀਬ ਬੱਸ ਚੱਲੀ ਅਤੇ ਨੀਂਦ ਦੀ ਘੂਕੀ ਵਿੱਚ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਰਾਤ ਬੀਤ ਗਈ। ਜਦੋਂ ਮੂੰਹ- ਹਨੇਰੇ "ਚਨੈਨੀ" ਨਾਮਕ ਸਥਾਨ 'ਤੇ ਪਹੁੰਚੇ ਤਾਂ ਮਨਮੋਹਕ ਨਜ਼ਾਰੇ ਸ਼ੁਰੂ ਹੋ ਚੁੱਕੇ ਸਨ। ਰਸਤੇ ਵਿੱਚ ਵਿਰਲੇ-ਵਿਰਲੇ ਲੰਗਰ ਵੀ ਚੱਲ ਰਹੇ ਸਨ। ਪਤਨੀਟਾਪ ਪਹੁੰਚੇ ਤਾਂ ਰਮਣੀਕ ਵਾਦੀਆਂ 'ਚ ਘਿਰੇ ਦਿਓਦਾਰ ਦੇ ਰੁੱਖ ਵੱਖਰਾ ਨਜ਼ਾਰਾ ਪੇਸ਼ ਕਰ ਰਹੇ ਸਨ। ਇੱਥੇ ਰੁਮਕਦੀ ਠੰਢੀ ਹਵਾ ਨਾਲ਼ ਪਿਛਲੇ ਮੈਦਾਨੀ ਇਲਾਕਿਆਂ ਦੀ ਅਤਿ ਦੀ ਗਰਮੀ ਤੋਂ ਰਾਹਤ ਮਿਲ਼ੀ। ਰਾਮਬਾਣ ਤੋਂ ਅੱਗੇ ਢਾਈ ਕਿਲੋਮੀਟਰ ਲੰਮੀ ਜਵਾਹਰ ਸੁਰੰਗ ਲੰਘਣੀ ਪੈਂਦੀ ਹੈ। ਕਾਜੀਕੁੰਡ ਤੋਂ ਅਨੰਤਨਾਗ ਹੁੰਦੇ ਹੋਏ ਅਸੀਂ ਸ਼ਾਮ ਪੰਜ ਕੁ ਵਜੇ ਪਹਿਲਗਾਮ ਪਹੁੰਚ ਗਏ। ਇਸ ਸਥਾਨ ਦੇ ਕੁਦਰਤੀ ਨਜ਼ਾਰੇ ਵੇਖਣ ਵਾਲ਼ੇ ਹਨ। ਇੱਥੇ ਚੁਫੇਰਿਓਂ ਸੁਰੱਖਿਆ-ਛਤਰੀ ਨਾਲ਼ ਘਿਰੇ ਬੇਸ ਕੈਂਪ ਵਿੱਚ ਦਾਖ਼ਲ ਹੋ ਕੇ ਇੱਕ ਟੈਂਟ ਕਿਰਾਏ 'ਤੇ ਲੈ ਲਿਆ। ਯਾਤਰਾ ਦਾ ਪ੍ਰਬੰਧ ਦੇਖਣ ਵਾਲੀ ਸੰਸਥਾ 'ਸ੍ਰੀ ਅਮਰਨਾਥ ਸ਼੍ਰਾਈਨ ਬੋਰਡ' ਵੱਲੋਂ ਯਾਤਰੀਆਂ ਦੀ ਸਹੂਲਤ ਲਈ ਉਚੇਚੇ ਪ੍ਰਬੰਧ ਕੀਤੇ ਹੋਏ ਸਨ। ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਸਨ। ਮੈਡੀਕਲ ਕੈਂਪ ਲੱਗੇ ਹੋਏ ਸਨ। ਯਾਤਰੀਆਂ ਦੀ ਸਹੂਲਤ ਲਈ ਆਰਜ਼ੀ ਤੌਰ 'ਤੇ ਪਖਾਨੇ ਅਤੇ ਇਸ਼ਨਾਨ-ਘਰ ਬਣਾਏ ਗਏ ਸਨ ।

ਲੰਗਰ ਵਿੱਚ ਖੀਰ, ਜਲੇਬੀ, ਕੇਸਰ-ਦੁੱਧ, ਮੁਰੱਬਾ ਅਤੇ ਦੱਖਣੀ ਰਾਜਾਂ ਦੇ ਤਰ੍ਹਾਂ-ਤਰ੍ਹਾਂ ਦੇ ਸੁਆਦੀ ਪਕਵਾਨ ਪਰੋਸੇ ਜਾਂਦੇ ਹਨ। ਲੰਗਰ-ਪਾਣੀ ਛਕ ਕੇ ਜਦੋਂ ਬਿਸਤਰਿਆਂ ਵਿੱਚ ਟਿਕੇ ਤਾਂ ਅਸਮਾਨ 'ਤੇ ਬੱਦਲ਼ਵਾਈ ਸੀ। ਸਵੇਰੇ ਹਾਲੇ

ਰਜਾਈਆਂ ਵਿੱਚ ਹੀ ਸਾਂ ਕਿ ਅਨਾਊਂਸਮੈਂਟ ਰਾਹੀਂ ਸੂਚਨਾ ਮਿਲ਼ੀ ਕਿ ਸ਼ੇਸ਼ਨਾਗ ਅਤੇ ਉੱਪਰ ਵਾਲ਼ੇ ਇਲਾਕਿਆਂ ਵਿੱਚ ਹੋ ਰਹੀ ਭਾਰੀ ਵਰਖਾ ਕਾਰਨ ਅੱਜ ਯਾਤਰਾ ਰੁਕੀ ਰਹੇਗੀ। ਤੀਜੇ ਦਿਨ ਸੁਵਖਤੇ ਯਾਤਰਾ ਸ਼ੁਰੂ ਹੋਣ ਦੀ 'ਅਨਾਊਂਸਮੈਂਟ' ਹੋਣ ਕਰਕੇ ਯਾਤਰੀਆਂ ਨੇ ਨ੍ਹਾ-ਧੋ ਕੇ ਫਟਾਫਟ ਆਪਣਾ ਸਮਾਨ ਸਮੇਟਣਾ ਸ਼ੁਰੂ ਕਰ ਦਿੱਤਾ। ਭਾਰੀ ਸਮਾਨ ਬੱਸਾਂ ਅਤੇ ਹੋਰ ਵਾਹਨਾਂ ਵਿੱਚ ਰੱਖ ਕੇ ਇੱਥੋਂ ਪਿੱਠੂ ਬੈਗ ਰਾਹੀਂ ਲੁੜੀਂਦਾ ਸਮਾਨ ਹੀ ਨਾਲ਼ ਲਿਜਾਇਆ ਜਾਂਦਾ ਹੈ। ਇਸ ਸਮਾਨ ਵਿੱਚ ਗਰਮ ਕੱਪੜੇ, ਬਰਸਾਤੀ, ਦਵਾਈ, ਬੈਟਰੀ, ਪਾਣੀ ਆਦਿ ਚੀਜ਼ਾਂ ਜ਼ਰੂਰੀ ਹਨ। ਪਵਿੱਤਰ ਗੁਫਾ ਤਕ ਜਾਣ ਲਈ ਦੋ ਰਸਤੇ ਹਨ। ਇੱਕ ਰਸਤਾ ਪਹਿਲਗਾਮ ਤੋਂ ਚੰਦਨਵਾੜੀ , ਸ਼ੇਸ਼ਨਾਗ ਅਤੇ ਪੰਜਤਰਨੀ ਹੋ ਕੇ ਅਤੇ ਦੂਜਾ ਬਾਲਟਾਲ ਰਾਹੀਂ ਪਵਿੱਤਰ ਗੁਫਾ ਤਕ ਪਹੁੰਚਦਾ ਹੈ। ਜਿਹੜੇ ਯਾਤਰੀ ਪਹਿਲਗਾਮ ਤੋਂ ਯਾਤਰਾ ਸ਼ੁਰੂ ਕਰ ਕੇ ਵਾਪਸੀ ਬਾਲਟਾਲ ਰਾਹੀਂ ਆਉਂਦੇ ਹਨ, ਉਹਨਾਂ ਦੀਆਂ ਬੱਸਾਂ ਬਾਲਟਾਲ ਪਹੁੰਚ ਜਾਂਦੀਆਂ ਹਨ। ਕਾਫ਼ੀ ਗਿਣਤੀ ਵਿੱਚ ਯਾਤਰੀ ਬਾਲਟਾਲ ਰਾਹੀਂ ਹੀ ਜਾਂਦੇ ਹਨ ਅਤੇ ਇਸੇ ਰਸਤਿਓਂ ਹੀ ਵਾਪਸ ਆਉਂਦੇ ਹਨ। ਅਸੀਂ ਪਹਿਲਗਾਮ ਤੋਂ ਅੱਗੇ ਚੰਦਨਵਾੜੀ ਤੋਂ ਯਾਤਰਾ ਸ਼ੁਰੂ ਕਰਨੀ ਸੀ।

ਨ੍ਹਾ-ਧੋ ਕੇ ਅਸੀਂ ਸਵੇਰੇ ਪੰਜ ਵਜੇ ਕਤਾਰ ਵਿੱਚ ਜਾ ਲੱਗੇ। ਅੱਗੇ ਸੁਰੱਖਿਆ-ਦਸਤਿਆਂ ਨੇ ਰੋਕ ਲਾਈ ਹੋਈ ਸੀ। ਦੋ ਕੁ ਘੰਟਿਆਂ ਬਾਅਦ ਜਦੋਂ ਹਰੀ ਝੰਡੀ ਮਿਲ਼ੀ ਤਾਂ ਚੰਦਨਵਾੜੀ ਪਹੁੰਚਣ ਲਈ ਯਾਤਰੀ ਟੈਕਸੀਆਂ ਵੱਲ ਨੂੰ ਦੌੜ ਪਏ। ਨਦੀ ਦੇ ਕੰਢੇ-ਕੰਢੇ ਚੰਦਨਵਾੜੀ ਇੱਥੋਂ ਸੋਲ਼ਾਂ ਕਿਲੋਮੀਟਰ ਦੂਰ ਹੈ। ਇਹ ਸਥਾਨ ਸਮੁੰਦਰੀ ਤਲ ਤੋਂ 85●● ਫ਼ੁੱਟ ਦੀ ਉਚਾਈ 'ਤੇ ਹੈ। ਇੱਥੋਂ ਪੈਦਲ ਯਾਤਰਾ ਸ਼ੁਰੂ ਹੁੰਦੀ ਹੈ। ਯਾਤਰੀਆਂ ਕੋਲ਼ ਡੰਡਾ ਹੋਣਾ ਜ਼ਰੂਰੀ ਹੈ, ਜਿਸ ਆਸਰੇ ਉਹ ਤਿੱਖੀ ਚੜ੍ਹਾਈ ਚੜ੍ਹਦੇ ਹਨ। ਇੱਥੇ ਵੱਖ-ਵੱਖ ਸੂਬਿਆਂ ਤੋਂ ਆਏ ਲੰਗਰ ਲੱਗੇ ਹੋਏ ਸਨ। ਸ਼ੇਸ਼ਨਾਗ ਇੱਥੋਂ ਅੱਠ ਕਿਲੋਮੀਟਰ ਦੂਰ ਹੈ। ਪੈਦਲ ਯਾਤਰਾ ਦੌਰਾਨ ਇੱਕ ਪਾਸੇ ਉੱਚੇ ਪਹਾੜ ਹਨ ਅਤੇ ਦੂਜੇ ਪਾਸੇ ਡੂੰਘੀਆਂ ਖਾਈਆਂ। ਤੁਰਨ ਤੋਂ ਅਸਮਰਥ ਯਾਤਰੀ ਘੋੜਿਆਂ ਦਾ ਆਸਰਾ ਲੈਂਦੇ ਹਨ। ਘੋੜਿਆਂ ਵਾਲ਼ੇ ਜ਼ਿਆਦਾਤਰ ਡੂੰਘੀਆਂ ਖਾਈਆਂ ਵੱਲ ਨੂੰ ਚੱਲਦੇ ਹਨ ਅਤੇ ਯਾਤਰੀਆਂ ਨੂੰ ਪਹਾੜ ਵੱਲ ਜਾਣ ਲਈ ਅਵਾਜ਼ਾਂ ਦਿੰਦੇ ਹਨ। ਪਿੱਸੂ ਘਾਟੀ ਤਕ ਚੜ੍ਹਾਈ ਤਿੱਖੀ ਹੈ।

ਰਸਤੇ ਵਿੱਚ ਪ੍ਰਕਿਰਤੀ ਦੇ ਅਜਬ ਦ੍ਰਿਸ਼ ਹਨ। ਇੱਕ ਪਾਸੇ ਬਰਫ਼ ਦੇ ਪਹਾੜ ਹਨ, ਦੂਜੇ ਪਾਸੇ ਰੁੰਡ-ਮੁੰਡ ਪਹਾੜੀਆਂ। ਮੌਸਮ ਦੇ ਮਿਜਾਜ਼ ਦਾ ਕੋਈ ਪਤਾ ਨਹੀਂ ਲੱਗਦਾ। ਕਦੇ ਗਰਮੀ, ਕਦੇ ਸ਼ੀਤ ਹਵਾਵਾਂ ਅਤੇ ਕਦੇ ਬਿੰਦ-ਝੱਟ ਬੱਦਲ਼ੀ ਸਿਰ 'ਤੇ ਆ ਕੇ ਵਰਖਾ ਸ਼ੁਰੂ ਕਰ ਦਿੰਦੀ ਹੈ। ਇਸ ਮੌਕੇ ਬਰਸਾਤੀ ਅਤੇ ਗਰਮ ਕੱਪੜੇ ਪਹਿਨਣੇ ਪੈਂਦੇ ਹਨ। ਤਿਲਕਣ ਤੋਂ ਬਚਾਅ ਲਈ ਡੰਡਾ ਸਾਥ ਦਿੰਦਾ ਹੈ। ਸ਼ੇਸ਼ਨਾਗ ਤੋਂ ਦੋ ਕਿਲੋਮੀਟਰ ਪਿੱਛੇ ਵਰਖਾ ਸ਼ੁਰੂ ਹੋ ਗਈ ਅਤੇ ਕਾਫ਼ੀ ਸਮਾਂ ਗੜੇ ਪੈਂਦੇ ਰਹੇ। ਠੰਢ ਇਕਦਮ ਵਧ ਗਈ। ਵਰ੍ਹਦੇ ਮੀਂਹ ਵਿੱਚ ਅਸੀਂ ਸ਼ੇਸ਼ਨਾਗ ਪਹੁੰਚੇ। ਇਸ ਸਥਾਨ ਦੀ ਸਮੁੰਦਰੀ ਤਲ ਤੋਂ ਉਚਾਈ 1133● ਫ਼ੁੱਟ ਹੈ। ਇੱਥੇ ਅਸੀਂ ਰਾਤ ਠਹਿਰਨਾ ਸੀ।

ਸਵੇਰੇ ਲੰਗਰ ਛਕਣ ਉਪਰੰਤ ਪੰਜਤਰਨੀ ਲਈ ਚੱਲ ਪਏ। ਦੋ ਕੁ ਘੰਟਿਆਂ ਬਾਅਦ ਗਣੇਸ਼ ਟਾਪ ਪਹੁੰਚੇ। ਇੱਥੋਂ ਦੇ ਦ੍ਰਿਸ਼ ਵੀ ਦੇਖਣਯੋਗ ਹਨ। ਸਾਰੇ ਪਾਸੇ ਬਰਫ਼ ਹੀ ਬਰਫ਼ ਸੀ । ਯਾਤਰੀਆਂ ਦੀ ਸਹੂਲਤ ਲਈ ਇੱਥੇ ਲੰਗਰ ਅਤੇ ਫ਼ਸਟ ਏਡ ਕੈਂਪ ਲਾਏ ਹੋਏ ਸਨ। ਦੁਪਹਿਰ ਵੇਲ਼ੇ ਅਸੀਂ ਪੰਜਤਰਨੀ ਪਹੁੰਚ ਗਏ। ਇੱਥੇ ਤੰਬੂਆਂ ਵਿੱਚ ਕਾਫ਼ੀ ਸ਼ਰਧਾਲੂ ਠਹਿਰੇ ਹੋਏ ਸਨ। ਪੰਜਤਰਨੀ ਸਥਾਨ ਬਾਰੇ ਮਾਨਤਾ ਹੈ ਕਿ ਭਗਵਾਨ ਸ਼ੰਕਰ ਨੇ ਸ੍ਰੀ ਅਮਰਨਾਥ ਗੁਫਾ ਵਿੱਚ ਪ੍ਰਵੇਸ਼ ਤੋਂ ਪਹਿਲਾਂ ਪੰਜ ਤੱਤਾਂ ਦਾ ਤਿਆਗ ਕਰ ਕੇ ਤਾਂਡਵ ਨ੍ਰਿਤ ਕੀਤਾ ਸੀ। ਤਿੱਖੀ ਚੜ੍ਹਾਈ ਵਾਲ਼ੇ ਰਸਤੇ ਹੁੰਦੇ ਹੋਏ ਅਸੀਂ ਬਰਫ਼ ਦੀਆਂ ਢਿਗਾਂ ਅਤੇ ਬਰਫ਼ ਦੇ ਬਣੇ ਪੁਲ਼ਾਂ ਉੱਤੋਂ ਗੁਜ਼ਰ ਕੇ ਸ਼ਾਮ ਵੇਲ਼ੇ ਪਵਿੱਤਰ ਗੁਫਾ ਦੇ ਨਜ਼ਦੀਕ ਪਹੁੰਚੇ। ਰਾਤ ਨੂੰ ਤੰਬੂ ਕਿਰਾਏ 'ਤੇ ਲਿਆ। ਨ੍ਹਾ-ਧੋ ਕੇ ਅਸੀਂ ਤਿੰਨ ਵਜੇ ਤੜਕੇ ਦਰਸ਼ਨਾਂ ਲਈ ਕਤਾਰਾਂ ਵਿੱਚ ਲੱਗ ਗਏ। ਅੱਠ ਵਜੇ ਦਰਸ਼ਨ ਸ਼ੁਰੂ ਹੋਏ, ਦਸ ਵਜੇ ਅਸੀਂ ਗੁਫਾ

ਵਿੱਚ ਸਾਂ। ਇਸ ਅਸਥਾਨ 'ਤੇ ਭਗਵਾਨ ਸ਼ੰਕਰ ਨੇ ਮਾਤਾ ਪਾਰਬਤੀ ਨੂੰ ਅਮਰ-ਕਥਾ ਸੁਣਾਈ ਸੀ। ਇਹ ਪਾਵਨ ਸਥਾਨ ਸਮੁੰਦਰੀ ਤਲ ਤੋਂ 12729 ਫ਼ੁੱਟ ਦੀ ਉਚਾਈ 'ਤੇ ਸਥਿਤ ਹੈ। ਬਾਲਟਾਲ ਤੋਂ ਹੈਲੀਕਾਪਟਰ ਦੀ ਸੇਵਾ ਵੀ ਸ਼ੁਰੂ ਕੀਤੇ ਜਾਣ ਦੀ ਆਸ ਹੈ।

ਵਾਪਸੀ ਦਾ ਸਾਡਾ ਪ੍ਰੋਗ੍ਰਾਮ ਬਾਲਟਾਲ ਰਾਹੀਂ ਆਉਣ ਦਾ ਸੀ। ਤਿੱਖੀ ਉਤਰਾਈ,ਚੜ੍ਹਾਈ ਦੇ ਬਰਾਬਰ ਹੀ ਹੈ। ਰਾਹ ਵਿੱਚ ਚਟਾਨਾਂ ਖਿਸਕਣ ਵਾਲ਼ੇ ਪਹਾੜ ਹਨ। ਗੁਫਾ ਨੇੜਲੇ ਪਹਾੜਾਂ 'ਤੇ ਬਨਸਪਤੀ ਬਹੁਤ ਘੱਟ ਹੈ। ਪਿਛਲੇ ਸਾਲਾਂ ਦੇ ਮੁਕਾਬਲੇ ਯਾਤਰੀਆਂ ਲਈ ਸਹੂਲਤਾਂ ਵਿੱਚ ਵਾਧਾ ਹੋਇਆ ਹੈ। ਚੌਥੇ ਦਿਨ ਅਸੀਂ ਚਿਹਰਿਆਂ 'ਤੇ ਅਦੁੱਤੀ ਖ਼ੁਸ਼ੀ ਅਤੇ ਅਭੁੱਲ ਯਾਦਾਂ ਲੈ ਕੇ ਵਾਪਸ ਚੱਲ ਪਏ। ਰਸਤੇ ਵਿੱਚ ਅਸੀਂ ਡੱਲ ਝੀਲ ਅਤੇ ਕਸ਼ਮੀਰ ਦੀਆਂ ਸੁੰਦਰ ਵਾਦੀਆਂ ਨੂੰ ਨੇੜਿਓਂ ਤੱਕਣਾ ਸੀ।

## ਅਭਿਆਸ

### 1. ਠੀਕ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਾਓ:

1. ਸ੍ਰੀ ਅਮਰਨਾਥ ਅਸਥਾਨ ਕਿਸ ਪ੍ਰਾਂਤ ਵਿੱਚ ਹੈ ?
   (ੳ) ਹਿਮਾਚਲ ਪ੍ਰਦੇਸ਼ (ਅ) ਜੰਮੂ-ਕਸ਼ਮੀਰ (ੲ) ਉੱਤਰਾਂਚਲ
2. ਪਹਿਲਗਾਮ ਤੋਂ ਚੰਦਨਵਾੜੀ ਕਿੰਨੀ ਦੂਰ ਹੈ ?
   ੳ) 16 ਕਿਲੋਮੀਟਰ (ਅ) 26 ਕਿਲੋਮੀਟਰ (ੲ) 14 ਕਿਲੋਮੀਟਰ
3. ਤੁਰਨ ਤੋਂ ਅਸਮਰਥ ਯਾਤਰੀ ਕਾਹਦੀ ਸਵਾਰੀ ਕਰਦੇ ਹਨ?
   (ੳ) ਘੋੜਾ (ਅ) ਊਠ (ੲ) ਹਾਥੀ
4. ਸ੍ਰੀ ਅਮਰਨਾਥ ਗੁਫਾ ਦੀ ਸਮੁੰਦਰਤਲ ਤੋਂ ਉਚਾਈ ਕਿੰਨੀ ਹੈ?
   (ੳ) 14539 ਫ਼ੁੱਟ (ਅ) 12729 ਫ਼ੁੱਟ (ੲ) 1179● ਫ਼ੁੱਟ
5. ਰਾਹ ਵਿੱਚ ਕਿਹੋ-ਜਿਹੇ ਪਹਾੜ ਹਨ?
   (ੳ) ਚਟਾਨਾਂ ਖਿਸਕਣ ਵਾਲ਼ੇ (ਅ) ਸੰਘਣੇ ਜੰਗਲ਼ਾਂ ਵਾਲ਼ੇ (ੲ) ਹਰੇ-ਭਰੇ

### 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ:

1. ਅਮਰਨਾਥ ਯਾਤਰਾ ਲਈ ਸਾਰੇ ਸਾਥੀ ਕਿਉਂ ਸਹਿਮਤ ਹੋ ਗਏ?
2. ਲਖਨਪੁਰ ਸਰਹੱਦ 'ਤੇ ਜ਼ਿਆਦਾਤਰ ਯਾਤਰੀ ਕੀ ਕਰ ਰਹੇ ਸਨ?
3. ਪਤਨੀਟਾਪ ਦਾ ਮੌਸਮ ਕਿਹੋ- ਜਿਹਾ ਸੀ?
4. 'ਸ੍ਰੀ ਅਮਰਨਾਥ ਸ਼੍ਰਾਈਨ ਬੋਰਡ' ਵੱਲੋ ਕਿਹੜੇ ਪ੍ਰਬੰਧ ਕੀਤੇ ਗਏ ਸਨ?
5. ਪਿੱਸੂ ਘਾਟੀ ਤਕ ਚੜ੍ਹਾਈ ਕਿਹੋ-ਜਿਹੀ ਹੈ?

### 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ:

1. ਲੇਖਕ ਅਤੇ ਉਸ ਦੇ ਸਾਥੀ ਲਖਨਪੁਰ ਸਰਹੱਦ ਤਕ ਕਿਵੇਂ ਪਹੁੰਚੇ?
2. ਲੰਗਰਾਂ ਵਿੱਚ ਕਿਹੜੇ-ਕਿਹੜੇ ਪਕਵਾਨ ਪਰੋਸੇ ਜਾਂਦੇ ਹਨ?
3. ਤੀਜੇ ਦਿਨ ਸੁਵਖਤੇ 'ਅਨਾਊਂਸਮੈਂਟ' ਰਾਹੀਂ ਕੀ ਸੂਚਨਾ ਮਿਲ਼ੀ?

4. ਸ੍ਰੀ ਅਮਰਨਾਥ ਗੁਫਾ ਤਕ ਪਹੁੰਚਣ ਲਈ ਕਿਹੜੇ-ਕਿਹੜੇ ਰਸਤੇ ਹਨ?

5. ਪੈਦਲ ਯਾਤਰਾ ਵਿਚਲੇ ਰਸਤੇ ਦੇ ਦ੍ਰਿਸ਼ਾਂ ਦਾ ਵਰਨਣ ਕਰੋ।

## 4. ਵਾਕਾਂ ਵਿੱਚ ਵਰਤੋ :

ਚਰਚਾ, ਵਿਰਲੇ-ਵਿਰਲੇ, ਪ੍ਰਬੰਧ, ਕਤਾਰ, ਬਿੰਦ-ਝੱਟ, ਗੜੇ

## 5. ਖ਼ਾਲੀ ਥਾਂਵਾਂ ਭਰੋ:

1. ਜਦੋਂ ਮੂੰਹ- ਹਨੇਰੇ "ਚਨੈਨੀ" ਪਹੁੰਚੇ ਤਾਂ...........ਨਜ਼ਾਰੇ ਸ਼ੁਰੂ ਹੋ ਚੁੱਕੇ ਸਨ।
2. ਰਾਮਬਾਣ ਤੋਂ ਅੱਗੇ ਢਾਈ ਕਿਲੋਮੀਟਰ ਲੰਮੀ........ਸੁਰੰਗ ਲੰਘਣੀ ਪੈਂਦੀ ਹੈ।
3. ਯਾਤਰਾ ਦਾ ਪ੍ਰਬੰਧ ਦੇਖਣ ਵਾਲ਼ੀ ਸੰਸਥਾ.........ਵੱਲੋਂ ਉਚੇਚੇ ਪ੍ਰਬੰਧ ਕੀਤੇ ਹੋਏ ਸਨ।
4. ਇੱਕ ਪਾਸੇ ਉੱਚੇ.......ਹਨ ਅਤੇ ਦੂਜੇ ਪਾਸੇ ਡੂੰਘੀਆਂ...........।
5. ਤਿਲਕਣ ਤੋਂ ਬਚਾਅ ਲਈ.........ਸਾਥ ਦਿੰਦਾ ਹੈ।

## 6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ:

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਛੁੱਟੀਆਂ | ............... | ............... |
| ਸਮਾਂ | ............... | ............... |
| ਯਾਤਰਾ | ............... | ............... |
| ਫਟਾਫਟ | ............... | ............... |
| ਸੁੰਦਰ | ............... | ............... |

7. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ:

ਪਰਬੰਧ, ਸੰਗਣੇ, ਰਸਤਿਉਂ, ਡੂੰਗੀਆਂ, ਬਨਾਸਪਤੀ

**ਵਿਦਿਆਰਥੀਆਂ ਲਈ**

ਬੱਚਿਓ! ਤੁਸੀ ਕੋਈ ਯਾਤਰਾ ਕੀਤੀ ਹੋਵੇਗੀ, ਉਸ ਦਾ ਹਾਲ ਆਪਣੇ ਸ਼ਬਦਾਂ ਵਿੱਚ ਲਿਖ ਕੇ ਆਪਣੇ ਅਧਿਆਪਕ ਜੀ ਨੂੰ ਦਿਖਾਓ।

* * *



# ਰੁੱਤ- ਚੱਕਰ

ਪਾਠ
10



ਇੱਕ ਰੁੱਤ ਆਏ ਇੱਕ ਰੁੱਤ ਜਾਏ,
ਖੇਲ੍ਹ ਇਹ ਸਾਰਾ ਕੌਣ ਰਚਾਏ।
ਪੈਂਦੀ ਰਹੇ ਕਹਿਰ ਦੀ ਸਰਦੀ,
ਠੰਢ 'ਚ ਦੁਨੀਆ ਠੁਰ-ਠੁਰ ਕਰਦੀ।
ਉੱਚੇ ਪਰਬਤ ਦੀ ਹਰ ਚੋਟੀ,
ਚਿੱਟੀ ਬਰਫ਼ ਨਾਲ਼ ਢਕ ਜਾਏ।

ਬੜਾ ਹੀ ਪੈਂਦਾ ਕੱਕਰ, ਕੋਰਾ,
ਰੁੱਤ ਬਦਲਦੀ ਭੋਰਾ-ਭੋਰਾ।
ਪਤਝੜ ਰੁੱਤ ਵਿੱਚ ਰੁੱਖਾਂ ਉੱਤੋਂ,
ਹਰ ਪੱਤਾ ਸੁੱਕੇ, ਝੜ ਜਾਏ।

ਮੁੜ ਕੇ ਰੁੱਤ ਬਸੰਤੀ ਆਉਂਦੀ,
ਬਾਗ਼ਾਂ ਦੇ ਵਿੱਚ ਫੁੱਲ ਖਿੜਾਉਂਦੀ।
ਮਿੱਠੀ-ਮਿੱਠੀ ਹਵਾ ਰੁਮਕਦੀ,
ਮਹਿਕ ਨਾਲ਼ ਭਰ ਜਾਏ।

ਅੰਤਾਂ ਦੀ ਫਿਰ ਗਰਮੀ ਆਵੇ,
ਧੁੱਪ ਨਾਲ਼ ਪਿੰਡਾ ਲੂਹੀ ਜਾਵੇ।
ਹਰ ਇੱਕ ਛੱਪੜ,ਟੋਭੇ ਵਿੱਚੋਂ,
ਕੁੱਲ ਪਾਣੀ ਸੁੱਕ ਜਾਏ।

ਅਹੁ ਦੇਖੋ ਹੁਣ ਬੱਦਲ਼ ਛਾਏ,
ਮੋਰਾਂ ਨੇ ਹਨ ਖੰਭ ਫੈਲਾਏ।
ਛਮ-ਛਮ ਕਰਦੀ ਵਰਖਾ ਆਈ,
ਧਰਤੀ ਸਾਡੀ ਭੌਂਦੀ-ਭੌਂਦੀ,
ਸੂਰਜ ਦੁਆਲ਼ੇ ਚੱਕਰ ਲਾਉਂਦੀ,
ਘੁੰਮਦੀ ਜਾਏ,ਘੁੰਮਦੀ ਜਾਏ,
ਨਾਲ਼ੇ ਰੁੱਤਾਂ ਨੂੰ ਬਦਲਾਏ।

ਇੱਕ ਰੁੱਤ ਆਏ ਇੱਕ ਰੁੱਤ ਜਾਏ,
ਧਰਤੀ ਸਾਰਾ ਖੇਲ੍ਹ ਰਚਾਏ।

## ਅਭਿਆਸ

**1. ਪ੍ਰਸ਼ਨਾਂ ਦੇ ਉੱਤਰ ਦਿਓ:**

(ੳ). ਠੰਢ 'ਚ ਦੁਨੀਆ ਕੀ ਕਰਦੀ ਹੈ?
(ਅ). ਪਤਝੜ ਰੁੱਤ ਵਿੱਚ ਰੁੱਖਾਂ 'ਤੇ ਕੀ ਨਹੀਂ ਰਹਿੰਦਾ?
(ੲ). ਬਸੰਤੀ ਰੁੱਤ ਬਾਗ਼ਾਂ ਵਿੱਚ ਕੀ ਖਿੜਾਉਂਦੀ ਹੈ?
(ਸ). ਬੱਦਲ਼ ਛਾਏ ਹੋਣ ਤਾਂ ਕਿਹੜਾ ਪੰਛੀ ਮਸਤੀ ਵਿੱਚ ਆ ਜਾਂਦਾ ਹੈ?

**2. ਖ਼ਾਲੀ ਥਾਂਵਾਂ ਭਰੋ:**

ਮਿੱਠੀ ਮਿੱਠੀ..............
..............ਭਰ ਜਾਏ।
ਅੰਤਾਂ ਦੀ ਫਿਰ.........ਆਵੇ,
ਧੁੱਪ ਨਾਲ ਪਿੰਡਾ ਲੂਹੀ.............
ਹਰ ਇੱਕ........... ਵਿੱਚੋਂ,
ਕੁੱਲ ਪਾਣੀ ਸੁੱਕ..............

**3. ਹੇਠ ਲਿਖੇ ਸ਼ਬਦ ਪੜ੍ਹੋ ਤੇ ਇਹਨਾਂ ਦੀ ਲੈਅ ਦੇਖੋ। ਇਹਨਾਂ ਨਾਲ਼ ਮਿਲ਼ਦੇ ਸ਼ਬਦ ਆਪਣੇ ਕੋਲ਼ੋਂ ਲਿਖ ਕੇ ਲੈਅ ਨਾਲ਼ ਲੈਅ ਜੜੋ:**

| | |
|---|---|
| ਜਾਏ.........ਰਚਾਏ | ਛਾਏ.......... |
| ਕੋਰਾ.......... | ਭੌਂਦੀ......... |
| ਆਉਂਦੀ....... | ਸਰਦੀ.......... |

**4. ਪੰਜਾਬੀ ਵਿੱਚ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਲਿਖੋ:**

| ਪੰਜਾਬੀ | ਹਿੰਦੀ | ਅੰਗਰੇਜੀ |
|---|---|---|
| ਚਿੱਟੀ | ................ | ................ |
| ਸਰਦੀ ਦੀ ਰੁੱਤ | ................ | ................ |
| ਹਵਾ | ................ | ................ |
| ਖੰਭ | ................ | ................ |
| ਮਹਿਕ | ................ | ................ |

5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

1. ਇਸ ਕਵਿਤਾ ਵਿੱਚ ਕਿਹੜੀਆਂ-ਕਿਹੜੀਆਂ ਰੁੱਤਾਂ ਦਾ ਜ਼ਿਕਰ ਆਇਆ ਹੈ?
2. ਬਸੰਤ ਰੁੱਤ ਵਿੱਚ ਆਲ਼ਾ-ਦੁਆਲ਼ਾ ਕਿਵੇਂ ਬਦਲਦਾ ਹੈ?
3. ਰੁੱਤਾਂ ਕਿਵੇਂ ਬਦਲਦੀਆਂ ਹਨ?
4. ਗਰਮੀ ਦੀ ਰੁੱਤ ਵਿੱਚ ਕਿਹੜੀਆਂ-ਕਿਹੜੀਆਂ ਕਠਨਾਈਆਂ ਆਉਂਦੀਆਂ ਹਨ?
5. ਵਰਖਾ ਰੁੱਤ ਆਉਣ 'ਤੇ ਕਵਿਤਾ ਵਿੱਚ ਕਿਸ ਤਰ੍ਹਾਂ ਦੀ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ ਹੈ?

6. ਹੇਠ ਲਿਖੇ ਸ਼ਬਦਾਂ ਦੇ ਵਿਪਰੀਤ ਅਰਥ ਲਿਖੋ:

ਗਰਮੀ, ਪਤਝੜ, ਮਿੱਠੀ, ਧੁੱਪ, ਵਰਖਾ

**ਰਚਨਾਤਮਿਕ ਕਾਰਜ**

ਇਸ ਪਾਠ ਵਿੱਚ ਆਈਆਂ ਰੁੱਤਾਂ ਦੇ ਨਾਂ ਲਿਖੋ।

* * *

ਪਾਠ
11

# ਤੀਆਂ ਦਾ ਤਿਉਹਾਰ





ਤੀਆਂ ਦਾ ਤਿਉਹਾਰ ਵਰਖਾ ਰੁੱਤ ਨਾਲ਼ ਸੰਬੰਧਿਤ ਇੱਕ ਖ਼ੁਸ਼ੀਆਂ ਭਰਿਆ ਤਿਉਹਾਰ ਹੈ। ਇਹ ਤਿਉਹਾਰ ਸਾਉਣ ਮਹੀਨੇ ਦੇ ਅਰੰਭ ਨਾਲ਼ ਸ਼ੁਰੂ ਹੁੰਦਾ ਹੈ ਇਸ ਲਈ ਇਸ ਨੂੰ 'ਸਾਵਿਆਂ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਧਰਤੀ ਵੀ ਸਾਵੇ ਰੰਗ ਦਾ ਵੇਸ ਧਾਰਨ ਕਰਦੀ ਹੈ। ਪੰਜਾਬ ਦੇ ਹਰ ਪਿੰਡ ਵਿੱਚ ਤੀਆਂ ਦਾ ਤਿਉਹਾਰ ਬੜੀਆਂ ਰੀਝਾਂ ਤੇ ਚਾਵਾਂ ਨਾਲ਼ ਮਨਾਇਆ ਜਾਂਦਾ ਹੈ। ਜੇਠ-ਹਾੜ੍ਹ ਦੀਆਂ ਧੁੱਪਾਂ ਨਾਲ਼ ਲੂਸੀ ਹੋਈ ਧਰਤੀ ਨੂੰ ਸਾਉਣ ਦੇ ਮੀਂਹ ਦੀਆਂ ਫੁਹਾਰਾਂ ਠੰਢਿਆਂ ਕਰਦੀਆਂ ਹਨ। ਧਰਤੀ ਵੀ ਹਰੀ-ਭਰੀ ਹੋ ਜਾਂਦੀ ਹੈ। ਧਰਤੀ ਦੀ ਇਸ ਖ਼ੁਸ਼ੀ ਵਿੱਚ ਸ਼ਾਮਲ ਹੁੰਦੀਆਂ ਹੋਈਆਂ ਧਰਤੀ ਦੀਆਂ ਧੀਆਂ 'ਤੀਆਂ ਦਾ ਤਿਉਹਾਰ' ਮਨਾਉਂਦੀਆਂ ਹਨ। ਤੀਆਂ ਮੁੱਖ ਤੌਰ 'ਤੇ ਕੁੜੀਆਂ ਦਾ ਤਿਉਹਾਰ ਹੈ।

ਤੀਆਂ ਤੋਂ ਕੁਝ ਦਿਨ ਪਹਿਲਾਂ, ਵਿਆਹੀਆਂ ਹੋਈਆਂ ਕੁੜੀਆਂ ਨੂੰ ਉਹਨਾਂ ਦੇ ਭਰਾ ਸਹੁਰਿਆਂ ਤੋਂ ਲੈ ਕੇ ਆਉਂਦੇ ਹਨ। ਇਸੇ ਤਰ੍ਹਾਂ ਪਿੰਡ ਦੀਆਂ ਨੂੰਹਾਂ ਆਪਣੇ ਪੇਕੇ ਤੀਆਂ ਮਨਾਉਣ ਵਾਸਤੇ ਜਾਂਦੀਆਂ ਹਨ ਅਤੇ ਵਿੱਛੜੀਆਂ ਹੋਈਆਂ ਸਹੇਲੀਆਂ ਫਿਰ ਮਿਲ਼ਦੀਆਂ ਹਨ ਅਤੇ ਬਚਪਨ ਦੀਆਂ ਯਾਦਾਂ ਤਾਜ਼ਾ ਕਰਦੀਆਂ ਹਨ। ਜੇ ਕਿਸੇ ਕਾਰਨ ਧੀ ਪੇਕੇ ਨਾ ਆ ਸਕੇ ਤਾਂ ਉਸ ਨੂੰ ਸੰਧਾਰਾ ਭੇਜਿਆ ਜਾਂਦਾ ਹੈ। ਸੰਧਾਰੇ ਵਿੱਚ ਕੱਪੜੇ, ਗੁੜ, ਗੁਲਗੁਲੇ ਵਗ਼ੈਰਾ ਭੇਜੇ ਜਾਂਦੇ ਹਨ। ਜਦੋਂ ਮੀਂਹ ਪੈਂਦਾ ਹੈ ਤਾਂ ਕਹਿੰਦੇ ਹਨ "ਇੰਦਰ ਨੇ ਧਰਤੀ 'ਤੇ ਸੰਧਾਰਾ ਭੇਜਿਆ ਹੈ।"

ਤੀਆਂ ਵਿੱਚ ਹਾਰ-ਸ਼ਿੰਗਾਰ ਦਾ ਖ਼ਾਸ ਸਥਾਨ ਹੈ। ਤੀਜ ਤੋਂ ਪਹਿਲਾਂ ਦੂਜ ਨੂੰ ਮਹਿੰਦੀ ਲਾਈ ਜਾਂਦੀ ਹੈ। ਮਹਿੰਦੀ ਲਾ ਕੇ ਕੁੜੀਆਂ ਹੱਥਾਂ ਨੂੰ ਸ਼ਿੰਗਾਰਦੀਆਂ ਹਨ। ਇਹ ਵੇਖ-ਵੇਖ ਕੇ ਖ਼ੁਸ਼ ਹੁੰਦੀਆਂ ਹਨ ਕਿ ਕਿਸ ਦੇ ਜ਼ਿਆਦਾ ਰੰਗ ਚੜ੍ਹਿਆ ਹੈ। ਬਾਂਹਵਾਂ ਭਰ-ਭਰ ਕੇ ਚੂੜੀਆਂ ਚੜ੍ਹਾਈਆਂ ਜਾਂਦੀਆਂ ਹਨ। ਛਣ-ਛਣ ਕਰਦੀਆਂ ਰੰਗ-ਬਰੰਗੀਆਂ ਚੂੜੀਆਂ ਦਾ ਸੰਗੀਤ ਮੁਟਿਆਰਾਂ ਨੂੰ ਅਕਹਿ ਖ਼ੁਸ਼ੀ ਪ੍ਰਦਾਨ ਕਰਦਾ ਹੈ। ਜਦੋਂ ਚਮਕਾਂ ਮਾਰਦੇ ਨਵੇਂ-ਨਵੇਂ ਕੱਪੜੇ ਪਹਿਨ ਕੇ, ਸੋਹਣੇ ਸਿਰ ਗੁੰਦਾ ਕੇ, ਸੱਗੀ ਫੁੱਲ, ਹਾਰ-ਹਮੇਲਾਂ, ਝੁਮਕੇ, ਛਾਪਾਂ-ਛੱਲੇ ਅਤੇ ਛਣ-ਛਣ ਕਰਦੀਆਂ ਪਜੇਬਾਂ ਪਾ ਕੇ ਮੁਟਿਆਰਾਂ ਇੱਕਠੀਆਂ ਹੋ ਕੇ ਨਿਕਲ਼ਦੀਆਂ ਹਨ ਤਾਂ ਪਰੀਆਂ ਤੋਂ ਘੱਟ ਨਹੀਂ ਦਿਸਦੀਆਂ। ਚਿਹਰਿਆਂ ਦਾ ਰੰਗ ਤੀਆਂ

ਦੀ ਖ਼ੁਸ਼ੀ ਨਾਲ਼ ਸਵੇਰ ਦੀ ਲਾਲੀ ਵਾਂਗ ਸੰਧੂਰੀ ਭਾਹ ਮਾਰਦਾ ਹੈ। ਇਸ ਤਰ੍ਹਾਂ ਕੁੜੀਆਂ ਪਹਿਨ-ਪੱਚਰ ਕੇ, ਬਣ-ਫਬ ਕੇ ਤੀਆਂ ਵਿੱਚ ਆ ਰੌਣਕਾਂ ਲਾਉਂਦੀਆਂ ਹਨ। ਇੱਥੇ ਆ ਕੇ ਅਜ਼ਾਦੀ ਅਨੁਭਵ ਕਰਦੀਆਂ ਹਨ। ਨਾ ਚੁਲ੍ਹੇ-ਚੌਂਕੇ ਦਾ ਫ਼ਿਕਰ, ਨਾ ਸੱਸ ਦੀਆਂ ਝਿੜਕਾਂ ਦਾ ਡਰ।

ਗਿੱਧੇ ਦਾ ਖ਼ੂਬ ਰੰਗ ਬੰਨ੍ਹਿਆ ਜਾਂਦਾ ਹੈ। ਸੱਭੇ ਮੁਟਿਆਰਾਂ ਦੇ ਪੈਰ ਥਿਰਕਦੇ ਹਨ, ਜਿਵੇਂ ਕਿ ਬੋਲੀ ਵੀ ਹੈ :-

ਤੀਆਂ ਤੀਜ ਦੀਆਂ,
ਨੱਚਣ ਸਭ ਮੁਟਿਆਰਾਂ।

ਕੁੜੀਆਂ ਇੱਕ ਦੂਜੀ ਤੋਂ ਵਧ- ਚੜ੍ਹ ਕੇ ਬੋਲੀਆਂ ਪਾਉਂਦੀਆਂ ਹਨ। ਬੋਲੀਆਂ ਦਾ ਅਖੰਡ ਪ੍ਰਵਾਹ ਚੱਲਦਾ ਹੈ, ਕੀ ਮਜਾਲ ਜੇ ਬੋਲੀ ਟੁੱਟਣ ਦੇਣ। ਇਹਨਾਂ ਬੋਲੀਆਂ ਵਿੱਚ ਜ਼ਿੰਦਗੀ ਦੇ ਸਾਰੇ ਰੰਗ ਸਤਰੰਗੀ ਪੀਂਘ ਦੀ ਤਰ੍ਹਾਂ ਸਮਾਏ ਹੁੰਦੇ ਹਨ। ਨੱਚਦੀਆਂ ਕੁੜੀਆਂ ਮੀਂਹ ਦੇ ਛਰਾਟਿਆਂ ਦੀ ਪਰਵਾਹ ਨਹੀਂ ਕਰਦੀਆਂ। ਮੁਟਿਆਰਾਂ ਇਹਨਾਂ ਠੰਢੀਆਂ ਫੁਹਾਰਾਂ ਦਾ ਅਨੰਦ ਮਾਣਦੀਆਂ ਕੁਝ ਇਸ ਤਰ੍ਹਾਂ ਬੋਲੀ ਚੁੱਕਦੀਆਂ ਹਨ :-

ਨਿੱਕੀ-ਨਿੱਕੀ ਕਣੀ ਦਾ ਮੀਂਹ ਵਰਸੇਂਦਾ,
ਠੰਢੀਆਂ ਪੈਣ ਫੁਹਾਰਾਂ।
ਨੱਚ ਲੈ ਮੋਰਨੀਏ,
ਪੰਜ ਪਤਾਸੇ ਵਾਰਾਂ।
ਨੱਚ ਲੈ ਮੋਰਨੀਏ।

ਗਿੱਧੇ ਤੋਂ ਇਲਾਵਾ ਪੀਂਘਾਂ ਝੂਟਣ ਦਾ ਵੀ ਵੱਖਰਾ ਹੀ ਅਨੰਦ ਹੁੰਦਾ ਹੈ। ਕੁੜੀਆਂ ਇੱਕ-ਦੂਜੀ ਤੋਂ ਵੱਧ - ਚੜ੍ਹ ਕੇ ਪੀਂਘਾਂ ਚੜ੍ਹਾਉਂਦੀਆਂ ਹਨ। ਕੋਈ 'ਕੱਲੀ ਪੀਂਘ ਝੂਟਦੀ ਹੈ ਅਤੇ ਕੋਈ ਦੋ ਜਣੀਆਂ ਰਲ਼ ਕੇ ਪੀਂਘ ਅਸਮਾਨੀਂ ਚੜ੍ਹਾ ਦਿੰਦੀਆਂ ਹਨ। ਪੀਂਘਾਂ ਝੂਟਦੀਆਂ ਕੁੜੀਆਂ ਦੇ ਗਹਿਣਿਆਂ ਦੀ ਛਣਕਾਰ ਅਨੋਖਾ ਰੰਗ ਬੰਨ੍ਹਦੀ ਹੈ।

ਪੀਂਘ ਝੁਟੇਂਦੀ ਦੇ,
ਝੁਮਕੇ ਲੈਣ ਹੁਲਾਰੇ।

ਇਸ ਤਰ੍ਹਾਂ ਗਿੱਧੇ ਅਤੇ ਪੀਂਘ ਦੇ ਹੁਲਾਰਿਆਂ ਦਾ ਅਨੰਦ ਮਾਣਦਿਆਂ ਤੀਆਂ ਦੇ ਵਿਦਾ ਹੋਣ ਦਾ ਦਿਨ ਆ ਪੁੱਜਦਾ ਹੈ। ਇਸ ਦਿਨ ਮੇਲੇ ਵਰਗੀ ਰੌਣਕ ਹੁੰਦੀ ਹੈ। ਇੱਕ ਕੁੜੀ ਨੂੰ ਲਾੜਾ ਅਤੇ ਦੂਜੀ ਨੂੰ ਵਹੁਟੀ ਬਣਾ ਕੇ ਵਿਆਹ ਦੀਆਂ ਸਾਰੀਆ ਰਸਮਾਂ ਕੀਤੀਆਂ ਜਾਂਦੀਆਂ ਹਨ। ਕੁੜੀਆਂ ਮੂੰਹ ਨਾਲ਼ ਵਾਜੇ ਵਜਾਉਂਦੀਆਂ ਹਨ। ਠੀਕਰੀਆਂ ਦੇ ਪੈਸਿਆਂ ਦੀ ਸੁੱਟ ਕੀਤੀ ਜਾਂਦੀ ਹੈ। ਜੰਞ ਦੀ ਵਿਦਾਇਗੀ ਵੇਲੇ ਕੁੜੀਆਂ ਦੀ ਇੱਕ ਟੋਲੀ ਜੰਞ ਦਾ ਰਾਹ ਰੋਕ ਲੈਂਦੀ ਹੈ ਅਤੇ ਜੰਞ ਤੋਂ ਡੋਲ਼ਾ ਖੋਹਦੀ ਹੈ। ਡੋਲ਼ਾ ਖੋਹਣਾ ਜਾਂ ਲੁੱਟ ਮਚਾਉਣੀ ਤੀਆਂ ਦੀ ਅੰਤਿਮ ਰਸਮ ਹੈ ਜੋ ਸ਼ਾਇਦ ਪਹਿਲੇ ਵੇਲ਼ਿਆਂ ਦੀਆਂ ਘਟਨਾਵਾਂ ਦੀ ਸੂਚਕ ਹੈ।

ਇਸ ਰੀਤ ਪਿੱਛੋਂ ਕੁੜੀਆਂ ਗੀਤ ਗਾਉਂਦੀਆਂ ਅਤੇ ਆਪਣੇ ਪੇਕੇ ਪਿੰਡ ਨੂੰ ਗੀਤਾਂ ਦੇ ਰੂਪ ਵਿੱਚ ਅਸੀਸਾਂ ਦਿੰਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ।

ਸੁੱਖ ਵੱਸਦੀ, ਬਾਬਾ ਜੀ ਥੋੜੀ ਨਗਰੀ; ਜੀ, ਸੁੱਖ ਵੱਸਦੀ।

ਇਸ ਤਰ੍ਹਾਂ ਤੀਆਂ ਦਾ ਇਹ ਰੌਣਕਾਂ ਭਰਿਆ ਤਿਉਹਾਰ ਹਰ ਸਾਲ ਹਾਸੇ-ਖੇੜੇ ਵੰਡਦਾ ਹੈ। ਇਹ ਤਿਉਹਾਰ ਵਰਖਾ ਰੁੱਤ ਕਾਰਨ ਮੌਲੀ ਹੋਈ ਸਰਸਬਜ਼ ਧਰਤੀ ਦੇ ਅਸਰ ਹੇਠ ਮਨੁੱਖ ਦੇ ਛਲ੍ਹਕਦੇ ਹੋਏ ਜਜ਼ਬਿਆਂ ਦਾ ਪ੍ਰਗਟਾਵਾ ਹੈ। ਇਸ ਤਿਉਹਾਰ ਵਿੱਚ ਜ਼ਿੰਦਗੀ ਧੜਕਦੀ ਹੈ ਅਤੇ ਆਪਸੀ ਪਿਆਰ ਅਤੇ ਸਾਂਝਾਂ ਇਸ ਨਾਲ਼ ਹੋਰ ਪੱਕੀਆਂ ਹੁੰਦੀਆਂ ਹਨ।

## ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ-

ੳ. ਤੀਆਂ ਦਾ ਤਿਉਹਾਰ ਕਿਹੜੀ ਰੁੱਤ ਦਾ ਤਿਉਹਾਰ ਹੈ?

(ੳ) ਗਰਮੀ ਦੀ ਰੁੱਤ ਦਾ (ਅ) ਸਰਦੀ ਦੀ ਰੁੱਤ ਦਾ (ੲ) ਵਰਖਾ-ਰੁੱਤ ਦਾ

ਅ. ਤੀਆਂ ਦਾ ਤਿਉਹਾਰ ਕਿਹੜੇ ਦਿਨ ਨੂੰ ਮਨਾਇਆ ਜਾਂਦਾ ਹੈ?

(ੳ) ਪਹਿਲੀ ਨੂੰ (ਅ) ਤੀਜ ਨੂੰ (ੲ) ਦੂਜ ਨੂੰ

ੲ. ਇਸ ਤਿਉਹਾਰ ਦਾ ਹੋਰ ਕਿਹੜਾ ਨਾਂ ਹੈ?

(ੳ) ਕੁੜੀਆਂ ਦਾ ਤਿਉਹਾਰ (ਅ) ਧਰਤੀ ਦੀਆਂ ਧੀਆਂ ਦਾ ਤਿਉਹਾਰ

(ੲ) ਸਾਵਿਆਂ ਦਾ ਤਿਉਹਾਰ

ਸ. ਕੁੜੀਆਂ ਤੀਆਂ ਦੇ ਤਿਉਹਾਰ ਵਿੱਚ ਕੀ ਕਰਦੀਆਂ ਹਨ?

(ੳ) ਖੇਡਾਂ ਖੇਡਦੀਆਂ ਹਨ (ਅ) ਪੀਂਘਾਂ ਝੂਟਦੀਆਂ ਹਨ (ੲ) 'ੳ' ਤੇ 'ਅ' ਦੋਵੇਂ ਹੀ

ਹ. ਕੁੜੀਆਂ ਤੀਆਂ ਵਿੱਚ ਕਿਸ ਤਰ੍ਹਾਂ ਅਨੁਭਵ ਕਰਦੀਆਂ ਹਨ?

(ੳ) ਚੁੱਲ੍ਹੇ-ਚੌਂਕੇ ਦਾ ਡਰ (ਅ) ਸੱਸ ਦੀਆਂ ਝਿੜਕਾਂ ਦਾ ਡਰ

(ੲ) ਅਜ਼ਾਦੀ ਦਾ ਅਨੁਭਵ

### 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ:

ੳ. ਕੁੜੀਆਂ ਨੂੰ ਸੰਧਾਰੇ ਵਿੱਚ ਕੀ-ਕੀ ਭੇਜਿਆ ਜਾਂਦਾ ਹੈ?

ਅ. ਕੁੜੀਆਂ ਤੀਆਂ ਦਾ ਤਿਉਹਾਰ ਮਨਾਉਣ ਲਈ ਕਿੱਥੇ ਆਉਂਦੀਆਂ ਹਨ?

ੲ. ਜਦੋਂ ਮੀਂਹ ਪੈਂਦਾ ਹੈ ਤਾਂ ਲੋਕੀਂ ਕੀ ਕਹਿੰਦੇ ਹਨ?

ਸ. ਤੀਆਂ ਵਿੱਚ ਕੁੜੀਆਂ ਕਿਵੇਂ ਰੰਗ ਬੰਨ੍ਹਦੀਆਂ ਹਨ?

ਹ. ਤੀਆਂ ਦੇ ਤਿਉਹਾਰ ਦੀ ਵਿਦਾਇਗੀ ਸਮੇਂ ਕੁੜੀਆਂ ਕਿਹੜੀ ਰਸਮ ਕਰਦੀਆਂ ਹਨ?

### 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ:

ੳ. ਤੀਆਂ ਦੇ ਤਿਉਹਾਰ ਨੂੰ ਸਾਵਿਆਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ, ਕਿਉਂ?

ਅ. ਵਿੱਛੜੀਆਂ ਹੋਈਆਂ ਸਹੇਲੀਆਂ ਕਿਵੇਂ ਮਿਲ਼ਦੀਆਂ ਹਨ?

ੲ. ਕੁੜੀਆਂ ਤੀਆਂ ਦਾ ਤਿਉਹਾਰ ਕਿਵੇਂ ਮਨਾਉਂਦੀਆਂ ਹਨ?

ਸ. ਸਹੁਰੇ ਗਈ ਕੁੜੀ ਨੂੰ ਮਾਂ-ਬਾਪ ਸੰਧਾਰੇ ਵਿੱਚ ਕੀ ਕੁਝ ਭੇਜਦੇ ਹਨ?

ਹ. ਤੀਆਂ ਦੇ ਵਿਦਾ ਹੋਣ ਦੇ ਦਿਨ ਕੁੜੀਆਂ ਕੀ ਕਰਦੀਆਂ ਹਨ?

## 4. ਵਾਕਾਂ ਵਿੱਚ ਵਰਤੋ:

ਸੰਧਾਰਾ, ਰੰਗ-ਬਰੰਗੀਆਂ, ਅਕਹਿ ਖ਼ੁਸ਼ੀ, ਸੰਧੂਰੀ, ਪਜੇਬਾਂ

## 5. ਖ਼ਾਲੀ ਥਾਂਵਾਂ ਭਰੋ:

ਵਰਖਾ-ਰੁੱਤ, ਝੁਮਕੇ, ਦੂਜ, ਮੀਂਹ, ਅਸੀਸਾਂ

ੳ. ਤੀਆਂ ਦਾ ਤਿਉਹਾਰ...........ਦਾ ਤਿਉਹਾਰ ਹੈ।

ਅ. ਤੀਜ ਤੋਂ ਪਹਿਲਾਂ..........ਨੂੰ ਮਹਿੰਦੀ ਲਾਈ ਜਾਂਦੀ ਹੈ।

ੲ. ਨਿੱਕੀ-ਨਿੱਕੀ ਕਣੀ ਦਾ .........ਵਰਸੇਂਦਾ।

ਸ. ਪੀਂਘ ਝੁਟੇਂਦੀ ਦੇ .........ਲੈਣ ਹੁਲਾਰੇ।

ਹ. ਕੁੜੀਆਂ ਪੇਕੇ ਪਿੰਡ ਨੂੰ ਗੀਤਾਂ ਦੇ ਰੂਪ ਵਿੱਚ ..........ਦੇਂਦੀਆਂ ਹਨ।

## 6. ਹੇਠਾਂ ਦਿੱਤੇ ਸ਼ਬਦਾਂ ਨੂੰ ਹਿੰਦੀ, ਅੰਗਰੇਜ਼ੀ ਵਿੱਚ ਲਿਖੋ:

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਵਰਖਾ | ................ | ................ |
| ਅਨੋਖਾ | ................ | ................ |
| ਅਖੰਡ | ................ | ................ |
| ਰਲ਼ ਕੇ | ................ | ................ |
| ਵਿਆਹ | ................ | ................ |

## 7. ਬਹੁਵਚਨ ਬਣਾਓ:

ਤਿਉਹਾਰ, ਮੁਟਿਆਰ, ਫੁਹਾਰ, ਰੰਗ-ਬਰੰਗੀ, ਰੌਣਕ, ਪਜੇਬ

## 8. ਸ਼ੁੱਧ ਕਰ ਕੇ ਲਿਖੋ:

ਰੀਜਾਂ, ਸੰਦਾਰਾ, ਰੋਨਕਾਂ, ਸਾਜਾ, ਮੈਹਦੀ

**ਅਧਿਆਪਕਾਂ ਲਈ**

ਅਧਿਆਪਕ ਵਿਦਿਆਰਥੀਆਂ ਨੂੰ ਤੀਆਂ ਦੇ ਹੋਰ ਗੀਤਾਂ ਬਾਰੇ ਜਾਣਕਾਰੀ ਦੇਣ।

* * *

ਪਾਠ 12

# ਪੁਆਧ ਦਾ ਮਹਾਨ ਸ਼ਹੀਦ— ਕਾਂਸ਼ੀ ਰਾਮ



ਹਿੰਦੁਸਤਾਨ ਦੀ ਅਜ਼ਾਦੀ ਦੇ ਸੰਘਰਸ਼ਮਈ ਇਤਿਹਾਸ ਵਿੱਚ ਗ਼ਦਰ ਪਾਰਟੀ ਦੀ ਕੁਰਬਾਨੀ ਅਦੁੱਤੀ ਹੈ। ਗ਼ਦਰ ਪਾਰਟੀ ਬਾਰੇ ਬਹੁਤ ਖੋਜ-ਭਰਪੂਰ ਪੁਸਤਕਾਂ ਵੀ ਲਿਖੀਆਂ ਗਈਆਂ ਹਨ ।ਅਜਿਹੇ ਜੋਧਿਆਂ ਦੀਆਂ ਕੁਰਬਾਨੀਆਂ ਅੱਖਾਂ ਖੋਲ੍ਹਣ ਵਾਲ਼ੀਆਂ ਹਨ।

ਗ਼ਦਰ ਪਾਰਟੀ ਦੇ ਇਸ ਮਹਾਨ ਸ਼ਹੀਦ ਦਾ ਜਨਮ 13 ਅਕਤੂਬਰ, 1883 ਈ. ਨੂੰ ਪੰਡਤ ਗੰਗਾ ਰਾਮ ਦੇ ਘਰ ਪਿੰਡ ਮੜੌਲੀ ਕਲਾਂ (ਨੇੜੇ ਮੋਰਿੰਡਾ) ਵਿਖੇ ਹੋਇਆ। ਉਦੋਂ ਇਹ ਪਿੰਡ ਜ਼ਿਲ੍ਹਾ ਅੰਬਾਲ਼ਾ ਵਿੱਚ ਪੈਂਦਾ ਸੀ। ਇਹਨਾਂ ਦਾ ਪਰਿਵਾਰ ਇੱਕ ਪ੍ਰਭਾਵਸ਼ਾਲੀ ਪਰਿਵਾਰ ਸੀ। ਕਾਂਸ਼ੀ ਰਾਮ ਨੇ ਪ੍ਰਾਇਮਰੀ ਵਿੱਦਿਆ ਆਪਣੇ ਪਿੰਡ ਦੇ ਸਕੂਲ ਤੋਂ ਲਈ ਤੇ ਅੱਠਵੀਂ ਮੋਰਿੰਡਾ ਦੇ ਸਕੂਲ ਤੋਂ ਪਾਸ ਕੀਤੀ। ਦਸਵੀਂ ਜਮਾਤ ਵਿੱਚ ਮਹਿੰਦਰਾ ਹਾਈ ਸਕੂਲ, ਪਟਿਆਲ਼ਾ ਵਿਖੇ ਪੜ੍ਹਦੇ ਸਮੇਂ ਹੀ ਉਹਨਾ ਦੇ ਮਨ ਵਿੱਚ ਰਜਵਾੜਾਸ਼ਾਹੀ ਤੇ ਅੰਗਰੇਜ਼ ਹਕੂਮਤ ਦੀ ਲੁੱਟ-ਖਸੁੱਟ ਵਿੱਰੁਧ ਨਫ਼ਰਤ ਪੈਦਾ ਹੋ ਗਈ ਸੀ। ਅੰਬਾਲ਼ਾ ਖ਼ਜ਼ਾਨੇ ਵਿੱਚ ਨੌਕਰੀ ਕਰਦੇ ਸਮੇਂ ਆਪ ਦਾ ਮਨ ਉਕਤਾ ਗਿਆ। ਨੌਕਰੀ ਛੱਡ ਕੇ ਕੁਝ ਦੇਰ ਦਿੱਲੀ ਰਹੇ ਅਤੇ ਫਿਰ ਆਸਟ੍ਰੇਲੀਆ ਹੁੰਦੇ ਹੋਏ ਅਮਰੀਕਾ ਪਹੁੰਚ ਗਏ। ਇਸ ਤੋਂ ਪਤਾ ਚੱਲਦਾ ਹੈ ਕਿ ਕਾਂਸ਼ੀ ਰਾਮ ਬਹੁਤ ਤਿੱਖੀ ਬੁੱਧੀ ਦਾ ਮਾਲਕ ਸੀ ਤੇ ਉਸ ਦੇ ਦਿਲ ਅੰਦਰ ਦੇਸ -ਭਗਤੀ ਦੀ ਜੁਆਲਾ ਸੁਲਘ ਰਹੀ ਸੀ।

ਅਮਰੀਕਾ ਵਿੱਚ ਗ਼ੁਲਾਮ ਭਾਰਤੀਆਂ ਨਾਲ਼ ਹੁੰਦਾ ਮੰਦਾ ਸਲੂਕ ਵੇਖ ਕੇ ਕਾਂਸ਼ੀ ਰਾਮ ਦਾ ਮਨ ਦੇਸ ਦੀ ਅਜ਼ਾਦੀ ਲਈ ਤੜਪ ਉੱਠਿਆ। ਉੱਥੇ ਰਹਿੰਦਿਆਂ ਆਪ ਦਾ ਸੰਪਰਕ ਬਾਬਾ ਸੋਹਨ ਸਿੰਘ ਭਕਨਾ ਨਾਲ਼ ਜੁੜ ਗਿਆ। ਅਮਰੀਕਾ 'ਚ ਸੇਂਟ ਜਾਨ ਵਿਖੇ ਆਪ ਦਾ ਘਰ ਅਜ਼ਾਦੀ- ਘੁਲਾਟੀਆਂ ਅਤੇ ਇਨਕਲਾਬੀਆਂ ਲਈ ਪੱਕਾ ਅੱਡਾ ਬਣ ਗਿਆ। ਇਸੇ ਸਥਾਨ 'ਤੇ 25 ਮਾਰਚ, 1913 ਈ: ਨੂੰ ਗ਼ਦਰ ਪਾਰਟੀ ਦੀ ਸਥਾਪਨਾ ਦਾ ਮੁੱਢ ਬੱਝਿਆ। ਬਾਬਾ ਸੋਹਨ ਸਿੰਘ ਭਕਨਾ ਨੂੰ ਪਾਰਟੀ-ਪ੍ਰਧਾਨ, ਲਾਲਾ ਹਰਦਿਆਲ ਨੂੰ ਜਨਰਲ ਸਕੱਤਰ ਅਤੇ ਪੰ. ਕਾਂਸ਼ੀ ਰਾਮ ਨੂੰ ਖ਼ਜ਼ਾਨਚੀ ਚੁਣਿਆ ਗਿਆ। ਇਹ ਤਿੰਨੇ ਜਣੇ 'ਗੁਪਤ ਮਿਸ਼ਨ' ਦੇ ਮੈਂਬਰ ਵੀ ਸਨ।

ਉਦੋਂ ਪਹਿਲੀ ਸੰਸਾਰ-ਜੰਗ ਲੱਗੀ ਹੋਈ ਸੀ ਤੇ ਅੰਗਰੇਜ਼ ਇਸ ਵਿੱਚ ਰੁੱਝਿਆ ਹੋਇਆ ਸੀ। ਗ਼ਦਰ ਪਾਰਟੀ ਨੇ ਇਸ ਸਮੇਂ ਨੂੰ ਢੁਕਵਾਂ ਸਮਝਦੇ ਹੋਏ, ਗ਼ਦਰੀ ਯੋਧੇ ਤਿਆਰ ਕੀਤੇ। ਬਹੁਤ ਸਾਰੇ ਗ਼ਦਰੀਆਂ ਨੇ ਕਾਮਾਗਾਟਾਮਾਰੂ ਜਹਾਜ਼ ਰਾਹੀਂ ਹਿੰਦੁਸਤਾਨ ਵੱਲ ਕੂਚ ਕਰ ਦਿੱਤਾ। ਪਰੰਤੂ ਦੁੱਖ ਦੀ ਗੱਲ ਇਹ ਹੋਈ ਕਿ ਅੰਗਰੇਜ਼ ਸਰਕਾਰ ਨੂੰ ਇਸ ਦੀ ਸੂਹ ਮਿਲ਼ ਗਈ । ਬਹੁਤ ਸਾਰੇ ਗ਼ਦਰੀ ਕਲਕੱਤੇ ਅਤੇ ਬਜ-ਬਜ ਘਾਟ 'ਤੇ ਹੀ ਬਿਨਾਂ ਕਿਸੇ ਪੁੱਛ-ਪੜਤਾਲ ਦੇ ਸ਼ਹੀਦ ਕਰ ਦਿੱਤੇ ਗਏ। ਕਿਵੇਂ ਨਾ ਕਿਵੇਂ ਕਾਂਸ਼ੀ ਰਾਮ ਅਤੇ ਕੁਝ ਹੋਰ ਗ਼ਦਰੀ ਪੰਜਾਬ ਪੁੱਜਣ ਵਿੱਚ ਕਾਮਯਾਬ ਹੋ ਗਏ। ਦੱਸਿਆ ਜਾਂਦਾ ਹੈ ਕਿ ਕਾਂਸ਼ੀ ਰਾਮ ਆਪਣੇ ਪਿੰਡ ਮੜੌਲੀ ਕਲਾਂ ਆਪਣੇ ਮਾਪਿਆਂ ਨੂੰ ਮਿਲ਼ਨ ਵੀ ਆਇਆ ਸੀ। ਉਹ ਆਪਣੀ ਮਾਤਾ ਜੀ ਲਈ ਇੱਕ ਦੁਪੱਟਾ ਸਨਮਾਨ ਵਜੋਂ ਲੈ ਕੇ ਆਇਆ ਪਰੰਤੂ ਮਾਤਾ ਜੀ ਉਦੋਂ ਤੀਕ ਪਰਲੋਕ ਸਿਧਾਰ ਚੁੱਕੇ ਸਨ।

ਉਹਨਾਂ ਨੇ ਸਾਰਾ ਕੁਝ ਸਬਰ ਨਾਲ਼ ਬਰਦਾਸ਼ਤ ਕੀਤਾ ਤੇ ਪਿੰਡ ਨੂੰ ਅਲਵਿਦਾ ਆਖੀ। ਗ਼ਦਰੀਆਂ ਦਾ ਮੁੱਖ ਨਿਸ਼ਾਨਾ ਤਾਂ ਗ਼ੁਲਾਮੀ ਦਾ ਜੂਲ਼ਾ ਲਾਹੁਣਾ ਸੀ। ਉਹਨਾਂ ਦੀ ਯੋਜਨਾ ਫ਼ਿਰੋਜ਼ਪੁਰ ਛਾਉਣੀ ਦੇ ਅਸਲਾਖ਼ਾਨਾ 'ਤੇ ਕਬਜ਼ਾ ਕਰਨਾ ਸੀ ਤਾਂਜੋ ਅੰਗਰੇਜ਼ ਹਕੂਮਤ ਦਾ ਹਥਿਆਰਾਂ ਨਾਲ਼ ਮੁਕਾਬਲਾ ਕੀਤਾ ਜਾ ਸਕੇ। ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਪਰੰਤੂ ਰਾਹ ਵਿੱਚ ਮਿਸਰੀਵਾਲ਼ਾ ਦੇ ਨਜ਼ਦੀਕ ਪੁਲਿਸ-ਮੁੱਠਭੇੜ ਵਿੱਚ ਇਹ ਗ਼ਦਰੀ ਯੋਧੇ ਅੰਗਰੇਜ਼ ਸਰਕਾਰ ਦੇ ਹੱਥ ਆ ਗਏ।

ਅੰਗਰੇਜ਼ ਸਰਕਾਰ ਲਈ ਇਹ ਬਹੁਤ ਵੱਡੀ ਸਫ਼ਲਤਾ ਸੀ। ਉਹ ਗ਼ਦਰੀਆਂ ਨੂੰ ਖ਼ਤਮ ਕਰਨ ਉੱਤੇ ਤੁਲੀ ਹੋਈ ਸੀ। ਇਹਨਾਂ ਗ਼ਦਰੀਆਂ ਨੂੰ ਮੁਕੱਦਮੇ ਦਾ ਢੋਂਗ ਰਚਾ ਕੇ ਫ਼ਿਰੋਜਪੁਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਪੰਡਤ ਕਾਂਸ਼ੀ ਰਾਮ ਤੇ ਉਸ ਦੇ ਸਾਥੀਆਂ ਨੇ ਅੰਗਰੇਜ਼ ਸਰਕਾਰ ਦੇ ਜ਼ੁਲਮ ਅੱਗੇ ਈਨ ਨਾ ਮੰਨੀ। ਹਾਲਾਤ 'ਤੇ ਕਾਬੂ ਪਾਉਣ ਲਈ ਬੜੀ ਕੋਝੀ ਨੀਤ ਨਾਲ਼ 27 ਮਾਰਚ, 1915 ਈ: ਨੂੰ ਕਾਂਸ਼ੀ ਰਾਮ ਤੇ ਸਾਥੀ ਕੈਦੀ ਗ਼ਦਰੀਆਂ ਨੂੰ ਸਵੇਰੇ- ਸਵੇਰੇ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ। ਗ਼ਦਰ ਪਾਰਟੀ ਵਿੱਚ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਦੀ ਭਰਪੂਰ ਚਰਚਾ ਹੋਈ।

1961 ਈ. 'ਚ ਪੰਜਾਬ ਸਰਕਾਰ ਦੇ ਤਤਕਾਲੀ ਮੁੱਖ-ਮੰਤਰੀ ਸ.ਪਰਤਾਪ ਸਿੰਘ ਕੈਰੋਂ ਨੇ ਕਾਂਸ਼ੀ ਰਾਮ ਦੇ ਪਿੰਡ ਦੇ ਸਰਕਾਰੀ ਹਾਈ ਸਕੂਲ ਨੂੰ ਸ਼ਹੀਦ ਕਾਂਸ਼ੀ ਰਾਮ ਦਾ ਨਾਂ ਦਿੱਤਾ ਤੇ ਉਹਨਾਂ ਦਾ ਇੱਕ ਛੋਟਾ ਜਿਹਾ ਬੁੱਤ ਵੀ ਲਾਇਆ। ਇਹਨਾਂ ਦੀ ਯਾਦ ਵਿੱਚ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਭਾਗੂਮਾਜਰਾ (ਖਰੜ-ਖ਼ਾਨਪੁਰ ਨੇੜੇ) ਸਥਾਪਿਤ ਕੀਤਾ। ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਲੱਬ ਮੜੌਲੀ ਕਲਾਂ ਲਗ-ਪਗ ਪਿਛਲੇ 40 ਸਾਲਾਂ ਤੋਂ ਸ਼ਹੀਦ ਦੀ ਯਾਦ ਵਿੱਚ ਟੂਰਨਾਮੈਂਟ, ਨਾਟਕ ਤੇ ਕਈ ਹੋਰ ਸਮਾਗਮ ਕਰਵਾਉਂਦਾ ਆ ਰਿਹਾ ਹੈ।

## ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ :-

ੳ. ਸ਼ਹੀਦ ਕਾਂਸ਼ੀ ਰਾਮ ਕਿਹੜੇ ਇਲਾਕੇ ਦਾ ਸ਼ਹੀਦ ਮੰਨਿਆ ਜਾਂਦਾ ਹੈ?

(ੳ) ਦੁਆਬੇ ਦਾ (ਅ) ਮਾਝੇ ਦਾ (ੲ) ਪੁਆਧ ਦਾ

ਅ. ਕਾਂਸ਼ੀ ਰਾਮ ਦਾ ਬੁੱਤ ਕਿੱਥੇ ਸਥਿਤ ਹੈ ?

(ੳ) ਫ਼ਿਰੋਜ਼ਪੁਰ ਵਿਖੇ (ਅ) ਲੁਧਿਆਣਾ ਵਿਖੇ (ੲ) ਮੜੌਲੀ ਕਲਾਂ ਵਿਖੇ

ੲ.	ਕਾਂਸ਼ੀ ਰਾਮ ਦਾ ਜਨਮ ਕਦੋਂ ਹੋਇਆ ?

(ੳ) 12 ਅਕਤੂਬਰ , 188● ਨੂੰ	(ਅ) 13 ਅਕਤੂਬਰ, 1883 ਨੂੰ

(ੲ) 2● ਅਕਤੂਬਰ, 1885 ਨੂੰ

ਸ.	ਸ਼ਹੀਦ ਕਾਂਸ਼ੀ ਰਾਮ ਨੂੰ ਫਾਂਸੀ ਕਿੱਥੇ ਦਿੱਤੀ ਗਈ?

(ੳ) ਅਮਰੀਕਾ ਵਿਖੇ	(ਅ) ਆਸਟ੍ਰੇਲੀਆ ਵਿਖੇ

(ੲ) ਲਾਹੌਰ ਵਿਖੇ

ਹ.	ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਕਿੱਥੇ ਸਥਿਤ ਹੈ ?

(ੳ) ਖਰੜ	(ਅ) ਮੋਰਿੰਡਾ	(ੲ) ਭਾਗੂ ਮਾਜਰਾ

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :–

ੳ.	ਸ਼ਹੀਦ ਕਾਂਸ਼ੀ ਰਾਮ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਅ.	ਇਹਨਾਂ ਦੇ ਪਿਤਾ ਦਾ ਕੀ ਨਾਂ ਸੀ?

ੲ.	ਕਾਂਸ਼ੀ ਰਾਮ ਨੇ ਮੁਢਲੀ ਸਿੱਖਿਆ ਕਿੱਥੋਂ ਪ੍ਰਾਪਤ ਕੀਤੀ?

ਸ.	ਕਾਂਸ਼ੀ ਰਾਮ ਆਪਣੀ ਮਾਤਾ ਜੀ ਲਈ ਸਨਮਾਨ ਵਜੋਂ ਕੀ ਲਿਆਇਆ?

ਹ.	ਕਾਂਸ਼ੀ ਰਾਮ ਨੂੰ ਫਾਂਸੀ ਕਦੋਂ ਤੇ ਕਿੱਥੇ ਦਿੱਤੀ ਗਈ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :–

ੳ.	ਸ਼ਹੀਦ ਕਾਂਸ਼ੀ ਰਾਮ ਕਿੱਥੇ ਨੌਕਰੀ ਕਰਦਾ ਸੀ?

ਅ.	ਗਦਰ ਪਾਰਟੀ ਦਾ ਮੁੱਢ ਕਿਵੇਂ ਬੱਝਿਆ?

ੲ.	ਸ਼ਹੀਦ ਕਾਂਸ਼ੀ ਰਾਮ ’ਤੇ ਕਿਹੜੇ-ਕਿਹੜੇ ਗ਼ਦਰੀ ਯੋਧਿਆ ਦਾ ਅਸਰ ਪਿਆ?

ਸ.	ਗ਼ਦਰੀਆਂ ਨੇ ਕਿਸ ਤਰ੍ਹਾਂ ਹਿੰਦੁਸਤਾਨ ਵੱਲ ਕੂਚ ਕੀਤਾ?

ਹ.	ਸ਼ਹੀਦ ਕਾਂਸ਼ੀ ਰਾਮ ਦੀ ਯਾਦ ਵਿੱਚ ਮੈਮੋਰੀਅਲ ਕਾਲਜ ਦੀ ਸਥਾਪਨਾ ਕਦੋਂ ਤੇ ਕਿਵੇਂ ਕੀਤੀ ਗਈ?

## 4. ਵਾਕਾਂ ਵਿੱਚ ਵਰਤੋ :

ਸ਼ਬਦ- ਮੁਹਾਵਰੇ

ਸੂਰਬੀਰ–ਭਾਰਤ ਸੂਰਬੀਰਾਂ ਦੀ ਧਰਤੀ ਹੈ।

ਹਕੂਮਤ, ਲੁੱਟ-ਖਸੁੱਟ, ਰਜਵਾੜਾਸ਼ਾਹੀ, ਢੁਕਵਾਂ, ਸੂਹ ਮਿਲ਼ਨੀ

## 5. ਖ਼ਾਲੀ ਥਾਂਵਾਂ ਭਰੋ:–

ਪੰਡਤ ਗੰਗਾ ਰਾਮ, ਮੜੌਲੀ ਕਲਾਂ, ਗ਼ਦਰ ਪਾਰਟੀ, ਸ. ਪਰਤਾਪ ਸਿੰਘ ਕੈਰੋਂ, ਲਾਹੌਰ ਵਿਖੇ

ੳ.	ਸ਼ਹੀਦ ਕਾਂਸ਼ੀ ਰਾਮ ਦਾ ਜਨਮ..........ਦੇ ਘਰ ਪਿੰਡ...........ਵਿਖੇ ਹੋਇਆ।

ਅ.	25 ਮਾਰਚ, 1913 ਨੂੰ............ਦੀ ਸਥਾਪਨਾ ਹੋਈ।

ਏ. ਸ਼ਹੀਦ ਕਾਂਸ਼ੀ ਰਾਮ ਨੂੰ..........ਫਾਂਸੀ ਦਿੱਤੀ ਗਈ।

ਸ. ਪੰਜਾਬ ਸਰਕਾਰ ਦੇ ਤਤਕਾਲੀ ਮੁੱਖ-ਮੰਤਰੀ......... ਨੇ ਸਰਕਾਰੀ ਹਾਈ ਸਕੂਲ ਨੂੰ ਸ਼ਹੀਦ ਕਾਂਸ਼ੀ ਰਾਮ ਦਾ ਨਾਂ ਦਿੱਤਾ।

6. ਹੇਠਾਂ ਦਿੱਤੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ:-

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਪਾਰਟੀ | ............... | ............... |
| ਇਤਿਹਾਸ | ............... | ............... |
| ਸੂਰਬੀਰ | ............... | ............... |
| ਨੌਕਰੀ | ............... | ............... |
| ਸਨਮਾਨ | ............... | ............... |
| ਭਾਰਤੀ | ............... | ............... |

7. ਵਿਰੋਧੀ ਸ਼ਬਦ ਲਿਖੋ:-

ਅਜ਼ਾਦ, ਨਫ਼ਰਤ, ਕਾਮਯਾਬ, ਸਨਮਾਨ, ਭਰਪੂਰ, ਨਜ਼ਦੀਕ

8. ਸ਼ੁੱਧ ਕਰ ਕੇ ਲਿਖੋ:

ਇਤੀਹਾਸ, ਸਹੀਦ, ਪਰੀਵਾਰ, ਪ੍ਰਤੀਭਾਸ਼ਾਲੀ, ਕਾਮਜਾਬ, ਲੂਟ- ਖਸੂਟ

**ਵਿਦਿਆਰਥੀਆਂ ਲਈ**

ਆਪਣੀ ਸ਼੍ਰੇਣੀ ਦੇ ਅਧਿਆਪਕ ਜੀ ਨੂੰ ਅਜਿਹੇ ਕਿਸੇ ਹੋਰ ਅਜ਼ਾਦੀ-ਘੁਲ਼ਾਟੀਏ ਦੀ ਜੀਵਨੀ ਬਾਰੇ ਚਾਨਣ ਪਾਉਣ ਲਈ ਕਹੋ।

* * *

ਪਾਠ 13

# ਬਾਲਾਂ ਲਈ ਸਿੱਖਿਆ

ਤੰਦਰੁਸਤ ਜੇ ਰਹਿਣਾ ਹੈ ਤਾਂ, ਚੀਜ਼ ਬਜ਼ਾਰੀ ਖਾਓ ਨਾ,
ਥਿੰਧੇ ਪਾਪੜ, ਖੱਟੇ ਛੋਲੇ ਖਾ ਕੇ ਖੰਘ ਲਗਾਓ ਨਾ।

ਜੋ ਕੁਝ ਖਾਓ, ਤਾਜ਼ਾ ਖਾਓ; ਬਾਸੀ 'ਤੇ ਨਾ ਜੀਅ ਭਰਮਾਓ,
ਸੜੇ, ਗਲ਼ੇ ਜਾਂ ਕੱਚੇ ਫਲ਼ ਦੇ, ਲਾਗੇ ਭੁੱਲ ਕੇ ਜਾਓ ਨਾ।

ਦੁੱਧ, ਦਹੀਂ, ਲੱਸੀ ਤੇ ਮੱਖਣ; ਦੇਹ ਨੂੰ ਨਵਾਂ-ਨਿਰੋਆ ਰੱਖਣ,
ਖੱਟਾ, ਮਿਰਚ, ਵਲੈਤੀ ਘਿਓ ਦੀਆਂ; ਚੀਜ਼ਾਂ ਨੂੰ ਮੂੰਹ ਲਾਓ ਨਾ।

ਮੱਖੀ ਹੈਜ਼ਾ ਤੁਰਤ ਫੈਲਾਏ, ਮੱਛਰ ਤੇਈਆ ਤਾਪ ਚੜ੍ਹਾਏ,
ਚੂਹੇ ਨਾਲ਼ ਪਲੇਗ ਫੈਲਦੀ, ਘਰ ਵਿੱਚ ਕਦੇ ਟਿਕਾਓ ਨਾ।

ਤੜਕੇ ਜਾਗ, ਸੈਰ ਨੂੰ ਜਾਣਾ; ਦਾਤਣ ਕਾਰਨੀ, ਮਲ਼ ਕੇ ਨ੍ਹਾਣਾ,
ਵਰਜ਼ਸ਼ ਕਰੋ, ਸਫ਼ਾਈ ਰੱਖੋ; ਮੈਲ਼ੇ ਕੱਪੜੇ ਪਾਓ ਨਾ।

## ਅਭਿਆਸ

### 1. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-

ੳ. ਕਵੀ ਤੰਦਰੁਸਤ ਰਹਿਣ ਲਈ ਕਿਹੜੀਆਂ ਚੀਜ਼ਾਂ ਨੂੰ ਖਾਣ ਤੋਂ ਰੋਕਦਾ ਹੈ?

ਅ. ਮੱਖੀਆਂ ਨਾਲ਼ ਕਿਹੜਾ ਰੋਗ ਫੈਲਦਾ ਹੈ?

ੲ. ਮੱਛਰ ਦੁਆਰਾ ਡੰਗ ਮਾਰਨ ਨਾਲ਼ ਕਿਹੜਾ ਰੋਗ ਫੈਲਦਾ ਹੈ?

ਸ. ਪਲੇਗ ਕਿਸ ਜਾਨਵਰ ਕਰਕੇ ਫੈਲਦੀ ਹੈ?

ਹ. ਸਵੇਰੇ ਉੱਠ ਕੇ ਸਾਨੂੰ ਕੀ ਕਰਨਾ ਚਾਹੀਦਾ ਹੈ?

### 2. ਹੇਠ ਦਿੱਤੀਆਂ ਕਾਵਿ-ਸਤਰਾਂ ਪੂਰੀਆਂ ਕਰੋ:

ੳ. ਜੋ ਕੁਝ ਖਾਓ, ਤਾਜ਼ਾ ਖਾਓ; .............................।

ਅ. ਦੁੱਧ, ਦਹੀਂ, ਲੱਸੀ ਤੇ ਮੱਖਣ; ............................।

ੲ. ............................., ਘਰ ਵਿੱਚ ਕਦੇ ਟਿਕਾਓ ਨਾ।

ਸ. ............................; ਚੀਜ਼ਾਂ ਨੂੰ ਮੂੰਹ ਲਾਓ ਨਾ।

### 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :-

ੳ. ਥਿੰਧੇ ਪਾਪੜ, ਖੱਟੇ ਛੋਲੇ ਖਾ ਕੇ ਸਾਨੂੰ:

(ੳ) ਖੁਰਕ ਹੋ ਜਾਂਦੀ ਹੈ (ਅ) ਖੰਘ ਲੱਗ ਜਾਂਦੀ ਹੈ (ੲ) ਪੇਟ-ਦਰਦ ਹੋਣ ਲੱਗ ਜਾਂਦਾ ਹੈ।

ਅ. ਕਿਹੜੀਆਂ ਚੀਜ਼ਾਂ ਦੀ ਵਰਤੋਂ ਸਾਨੂੰ ਭੁੱਲ ਕੇ ਵੀ ਨਹੀਂ ਕਰਨੀ ਚਾਹੀਦੀ ?

(ੳ) ਦੁੱਧ ਤੇ ਦਹੀਂ ਦੀ (ਅ) ਤਾਜ਼ੇ ਫਲ਼ਾਂ ਦੀ (ੲ) ਗਲ਼ੇ-ਸੜੇ ਜਾਂ ਕੱਚੇ ਫਲ਼ਾਂ ਦੀ

ੲ. ਸਾਨੂੰ ਕਿਸ ਤਰ੍ਹਾਂ ਦੇ ਕੱਪੜੇ ਨਹੀਂ ਪਾਉਣੇ ਚਾਹੀਦੇ ?

(ੳ) ਮੈਲ਼ੇ ਕੱਪੜੇ (ਅ) ਸਾਫ਼-ਸੁਥਰੇ ਕੱਪੜੇ (ੲ) ਸੂਤੀ ਕੱਪੜੇ

## 4. ਵਾਕਾਂ ਵਿੱਚ ਵਰਤੋ :

ਨਿਰੋਆ, ਤੁਰਤ, ਵਰਜ਼ਸ਼, ਤੰਦਰੁਸਤ, ਬਾਸੀ

## 5. ਵਿਰੋਧੀ ਸ਼ਬਦ ਲਿਖੋ:

ਤਾਜ਼ਾ, ਨਵਾਂ, ਮੈਲ਼ਾ, ਕੱਚਾ, ਤੰਦਰੁਸਤ

### ਰਚਨਾਤਮਿਕ ਕਾਰਜ

(ੳ) ਵਿਦਿਆਰਥੀ ਤੰਦਰੁਸਤ ਰਹਿਣ ਲਈ ਅਪਣਾਈਆਂ ਜਾ ਸਕਣ ਵਾਲੀਆਂ ਆਦਤਾਂ ਦੀ ਸੂਚੀ ਬਣਾਉਣ।

(ਅ) ਵਿਦਿਆਰਥੀ ਤੰਦਰੁਸਤ ਰਹਿਣ ਲਈ ਨਾ ਕੀਤੇ ਜਾਣ ਵਾਲ਼ੇ ਕੰਮਾਂ ਜਾ ਬੁਰੀਆਂ ਆਦਤਾਂ ਦੀ ਸੂਚੀ ਬਣਾਉਣ।

(ੲ) ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰ ਕੇ ਆਪਣੇ ਸਹਿਪਾਠੀਆਂ ਨਾਲ਼ ਰਲ਼ ਕੇ ਗਾਓ।

✻ ✻ ✻

ਪਾਠ 14

# ਹਰਿਆਵਲ





ਮਨੀ ਅਤੇ ਕਰਨ ਦੋਵੇਂ ਭੈਣ-ਭਰਾ ਇੱਕ ਹੀ ਸਕੂਲ ਵਿੱਚ ਪੜ੍ਹਦੇ ਸਨ। ਮਨੀ ਛੇਵੀਂ ਜਮਾਤ ਵਿੱਚ ਪੜ੍ਹਦੀ ਸੀ ਅਤੇ ਕਰਨ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਕਰਨ ਪੜ੍ਹਾਈ ਵਿੱਚ ਕਮਜ਼ੋਰ ਅਤੇ ਸ਼ਰਾਰਤਾਂ ਵਿੱਚ ਸਭ ਤੋਂ ਅੱਗੇ ਸੀ। ਮਨੀ ਵੀ ਬੇਸ਼ੱਕ ਸ਼ਰਾਰਤੀ ਸੀ ਪਰ ਉਹ ਪੜ੍ਹਾਈ ਵਿੱਚ ਹੁਸ਼ਿਆਰ ਸੀ। ਪੜ੍ਹਾਈ ਵਿੱਚ ਅੱਵਲ ਹੋਣ ਕਰਕੇ ਉਸ ਦੀਆਂ ਸ਼ਰਾਰਤਾਂ ਅਕਸਰ ਨਜ਼ਰ-ਅੰਦਾਜ਼ ਕਰ ਦਿੱਤੀਆਂ ਜਾਂਦੀਆਂ ਸਨ। ਦੋਵੇਂ ਭੈਣ- ਭਰਾ ਨਿੱਕੀ-ਨਿੱਕੀ ਗੱਲ ਤੋਂ ਝਗੜਾ ਕਰਦੇ ਪਰ ਥੋੜ੍ਹੀ ਦੇਰ ਬਾਅਦ ਫੇਰ ਇਕੱਠੇ ਹੋ ਜਾਂਦੇ।

ਪਿਛਲੇ ਹਫ਼ਤੇ ਕਰਨ ਦਾ ਜਨਮ-ਦਿਨ ਸੀ। ਉਸ ਨੇ ਆਪਣੇ ਦੋਸਤਾਂ ਨੂੰ ਘਰ ਬੁਲਾ ਕੇ ਖ਼ੂਬ ਮੌਜ- ਮਸਤੀ ਕੀਤੀ। ਕੇਕ, ਪੇਸਟਰੀਆਂ, ਚਾਕਲੇਟ, ਟਾਫ਼ੀਆਂ ਅਤੇ ਹੋਰ ਸੌਦਾ-ਪੱਤਾ ਉਸ ਨੇ ਪਹਿਲਾਂ ਹੀ ਆਪਣੇ ਚਾਚਾ ਜੀ ਤੋਂ ਮੰਗਵਾ ਲਿਆ ਸੀ।

"ਮੰਮੀ ! ਮੈਂ ਵੀ ਆਪਣਾ ਜਨਮ-ਦਿਨ ਪੂਰੀ ਧੂਮ-ਧਾਮ ਨਾਲ਼ ਮਨਾਵਾਂਗੀ।" ਮਨੀ ਨੇ ਕਰਨ ਦੇ ਜਨਮ-ਦਿਨ ਦੇ ਕੇਕ 'ਤੇ ਮੋਮਬੱਤੀਆਂ ਜਗਾਉਂਦਿਆਂ ਕਿਹਾ।

ਮਨੀ ਦੀ ਮੰਮੀ ਰਸੋਈ ਵਿੱਚ ਕੰਮ ਕਰਦਿਆਂ ਬੋਲੀ, "ਮਨੀ , ਤੂੰ ਤਾਂ ਸਿਆਣੀ ਏਂ ਬੇਟਾ ! ਤੈਨੂੰ ਤਾਂ ਪਤਾ ਹੈ ਕਿ ਕਰਨ ਬਹੁਤ ਜ਼ਿੱਦੀ ਹੈ। ਇਹ ਤਾਂ ਅਮੀਰਾਂ ਦੇ ਚੋਚਲੇ ਨੇ, 'ਬਰਥ-ਡੇ — ਬਰਥ-ਡੇ'। ਜਿੰਨੇ ਪੈਸੇ ਤੁਸੀਂ ਇਹਨਾਂ ਫ਼ਜ਼ੂਲ ਦੀਆਂ ਚੀਜ਼ਾਂ 'ਤੇ ਖ਼ਰਚੇ ਹਨ, ਕੋਈ ਪੜ੍ਹਾਈ ਦਾ ਸਮਾਨ ਲੈ ਲੈਂਦੇ।"

"ਹਾਂ...ਹਾਂ ਮੇਰੀ ਵਾਰੀ ਨੂੰ ਇਹ ਚੀਜ਼ਾਂ ਫ਼ਜ਼ੂਲ ਲੱਗਦੀਆਂ ਨੇ," ਮਨੀ ਥੋੜ੍ਹਾ ਨਰਾਜ਼ ਹੁੰਦਿਆਂ ਬੋਲੀ।

"ਮੈਂ ਪਾਪਾ ਨਾਲ਼ ਗੱਲ ਕਰਾਂਗੀ, ਤੁਸੀਂ ਤਾਂ ਹਮੇਸ਼ਾਂ ਕਰਨ ਦਾ ਹੀ ਪੱਖ ਲੈਂਦੇ ਹੋ।"

ਸਕੂਲ ਵਾਲ਼ਾ ਬੈਗ ਚੁੱਕ ਕੇ ਮਨੀ ਡ੍ਰਾਇੰਗ-ਰੂਮ ਵਿੱਚ ਬੈਠ ਕੇ ਹੋਮ-ਵਰਕ ਕਰਨ ਲੱਗੀ। ਪਾਪਾ ਦੀ ਅਵਾਜ਼ ਸੁਣਦਿਆਂ ਹੀ ਉਹ ਦੌੜ ਕੇ ਉਹਨਾਂ ਕੋਲ਼ ਜਾ ਕੇ ਬੋਲੀ, "ਪਾਪਾ, ਮੈਂ ਵੀ ਕਰਨ ਵਾਂਗ ਆਪਣਾ ਜਨਮ-ਦਿਨ ਮਨਾਵਾਂਗੀ ਅਤੇ ਆਪਣੀਆਂ ਸਹੇਲੀਆਂ ਨੂੰ ਘਰੇ ਬੁਲਾਵਾਂਗੀ।"

"ਕੋਈ ਨਾ ਪੁੱਤਰ! ਦੇਖ ਲਵਾਂਗੇ, ਜਦੋਂ ਤੇਰਾ ਜਨਮ-ਦਿਨ ਆਊ, ਅਜੇ ਤਾਂ ਬਹੁਤ ਦਿਨ ਪਏ ਨੇ।"

"ਪਾਪਾ! ਦਿਨ ਕਿੱਥੇ ਨੇ, ਇੱਕੀ ਜੁਲਾਈ ਕਿਹੜਾ ਦੂਰ ਹੈ! ਆਹ ਦੇਖੋ, ਜੂਨ ਤਾਂ ਅੱਧਾ ਲੰਘ ਗਿਆ ਹੈ, ਬੱਸ ਰਹਿ ਗਏ.....।" ਉਹ ਕੈਲੰਡਰ ਵੱਲ ਦੇਖਦੀ ਉਂਗਲ਼ਾਂ 'ਤੇ ਦਿਨ ਗਿਣਨ ਲੱਗ ਪਈ।

"ਸੁਣੋ ਜੀ, ਦੋਵੇਂ ਭੈਣ- ਭਰਾ ਸਵੇਰ ਦੇ ਲੜੀ ਜਾਂਦੇ ਨੇ, ਜਨਮ- ਦਿਨ ਮਨਾਉਣ ਪਿੱਛੇ। ਮੈਂ ਮਨੀ ਨੂੰ ਸਮਝਾਉਣ ਦੀ ਕੋਸ਼ਸ਼ ਕਰ ਰਹੀ ਹਾਂ ਕਿ ਉਹ ਤਾਂ ਬੱਚਾ ਹੈ, ਤੂੰ ਤਾਂ ਸਿਆਣੀ ਹੋ ਗਈ ਹੈਂ।" ਮਨੀ ਦੀ ਮੰਮੀ ਨੇ ਉਸ ਦੇ ਪਾਪਾ ਨੂੰ ਪਾਣੀ ਦਾ ਗਲਾਸ ਫੜਾਉਂਦਿਆਂ ਕਿਹਾ।

"ਚੱਲ ਕੋਈ ਨਾ, ਜਦੋਂ ਜਨਮ-ਦਿਨ ਆਊ , ਦੇਖ ਲਵਾਂਗੇ।"

ਕੁਝ ਦਿਨਾਂ ਬਾਅਦ ਹਰ ਰੋਜ਼ ਦੀ ਤਰ੍ਹਾਂ ਦੋਵੇਂ ਭੈਣ-ਭਰਾ ਸਕੂਲ ਜਾਣ ਲਈ ਤਿਆਰ ਹੋ ਰਹੇ ਸਨ। ਸਕੂਲ ਵਾਲ਼ਾ ਬੈਗ ਮੋਢੇ 'ਚ ਪਾਉਂਦਿਆਂ ਮਨੀ ਬੋਲੀ, "ਪਾਪਾ, ਕੱਲ੍ਹ ਨੂੰ ਸਾਡੇ ਸਕੂਲ ਵਿੱਚ ਵਣ-ਮਹਾਂਉਤਸਵ ਮਨਾਇਆ ਜਾਣਾ ਹੈ। ਮੈਂ ਵੀ ਰੁੱਖਾਂ ਬਾਰੇ ਇੱਕ ਕਵਿਤਾ ਪੜ੍ਹਨੀ ਹੈ। ਪੰਜਾਬੀ ਵਾਲ਼ੇ ਅਧਿਆਪਕ ਨੇ ਇਸ ਬਾਰੇ ਕੇਵਲ ਮੈਨੂੰ ਹੀ ਕਿਹਾ ਹੈ।"

"ਸ਼ਾਬਾਸ਼! ਬੇਟਾ, ਇਹ ਤਾਂ ਬਹੁਤ ਚੰਗੀ ਗੱਲ ਹੈ। ਸਕੂਲ ਦੀ ਹਰ ਗਤੀਵਿਧੀ ਵਿੱਚ ਹਿੱਸਾ ਜ਼ਰੂਰ ਲੈਣਾ ਚਾਹੀਦਾ ਹੈ।" ਸਕੂਲ ਦੇ ਗੇਟ 'ਤੇ ਛੱਡਦਿਆਂ ਉਸ ਦੇ ਪਾਪਾ ਨੇ ਦੋਹਾਂ ਬੱਚਿਆਂ ਨੂੰ 'ਬਾਏ-ਬਾਏ' ਕਰਦਿਆਂ ਕਿਹਾ।

ਮਨੀ ਅਤੇ ਕਰਨ ਦੋਵੇਂ ਆਪੋ-ਆਪਣੀਆਂ ਜਮਾਤਾਂ ਵਿੱਚ ਚਲੇ ਗਏ। ਮਨੀ ਦਾ ਪਹਿਲਾ ਪੀਰੀਅਡ ਪੰਜਾਬੀ ਦਾ ਸੀ। ਅਧਿਆਪਕ ਨੇ ਜਮਾਤ ਵਿੱਚ ਪ੍ਰਵੇਸ਼ ਕੀਤਾ। ਸਾਰੇ ਬੱਚਿਆਂ ਨੇ ਖੜ੍ਹੇ ਹੋ ਕੇ ਉਹਨਾਂ ਦਾ ਸੁਆਗਤ ਕੀਤਾ।

ਅਧਿਆਪਕ ਗੁਰਦੀਪ ਜੀ ਨੇ ਆਪਣਾ ਭਾਸ਼ਣ ਸ਼ੁਰੂ ਕਰਦਿਆਂ ਕਿਹਾ, "ਦੇਖੋ ਬੱਚਿਓ! ਕੱਲ੍ਹ ਨੂੰ ਆਪਾਂ ਆਪਣੇ ਸਕੂਲ ਵਿੱਚ ਵਣ- ਮਹਾਂਉਤਸਵ ਮਨਾਉਣਾ ਹੈ। ਵੱਧ ਤੋਂ ਵੱਧ ਪੌਦੇ ਲਾਉਣੇ ਹਨ। ਰੁੱਖਾਂ ਦਾ ਸਾਡੇ ਜੀਵਨ ਵਿੱਚ ਬੜਾ ਮਹੱਤਵ ਹੈ। ਰੁੱਖਾਂ ਤੋਂ ਬਿਨਾਂ ਸਾਡਾ ਜੀਵਨ ਅਧੂਰਾ ਹੈ। ਰੁੱਖ ਸਾਨੂੰ ਫਲ਼ ਅਤੇ ਠੰਢੀਆਂ ਛਾਂਵਾਂ ਦਿੰਦੇ ਹਨ। ਬੇਸਮਝ ਨੇ ਉਹ ਲੋਕ ਜਿਹੜੇ ਹਰੇ-ਭਰੇ ਰੁੱਖਾਂ ਨੂੰ ਕੱਟਦੇ ਹਨ। ਸਾਨੂੰ ਸਾਰਿਆਂ ਨੂੰ ਆਪਣੇ ਜਨਮ- ਦਿਨ ਮੌਕੇ ਇੱਕ-ਇੱਕ ਰੁੱਖ ਜ਼ਰੂਰ ਲਾਉਣਾ ਚਾਹੀਦਾ ਹੈ। ਇਹਨਾਂ ਨਾਲ਼ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਮਿਲ਼ ਸਕੇਗਾ...।" ਪੰਜਾਬੀ ਅਧਿਆਪਕ ਗੁਰਦੀਪ ਸਿੰਘ ਜੀ ਕਿੰਨੀਆਂ ਸਾਰੀਆਂ ਗੱਲਾਂ ਕਹਿ ਗਏ।

"ਮਨੀ, ਤੂੰ ਰੁੱਖਾਂ ਵਾਲ਼ੀ ਕਵਿਤਾ ਯਾਦ ਕਰ ਲਈ?"

"ਹਾਂ ਜੀ, ਸੁਣਾਵਾਂ?" ਮਨੀ ਨੇ ਰੁੱਖਾਂ ਵਾਲ਼ੀ ਕਵਿਤਾ ਬਹੁਤ ਵਧੀਆ ਢੰਗ ਨਾਲ਼ ਪੇਸ਼ ਕੀਤੀ। ਜਮਾਤ ਦਾ ਕਮਰਾ ਤਾੜੀਆਂ ਨਾਲ਼ ਗੂੰਜ ਉੱਠਿਆ।

"ਸ਼ਾਬਾਸ਼! ਬੇਟਾ, ਬਹਿ ਜਾ।" ਅਧਿਆਪਕ ਗੁਰਦੀਪ ਜੀ ਨੇ ਮਨੀ ਦੀ ਪ੍ਰਸੰਸਾ ਕਰਦਿਆਂ ਕਿਹਾ।

ਅਧਿਆਪਕ ਦੀਆਂ ਕਹੀਆਂ ਗੱਲਾਂ ਮਨੀ ਦੀ ਸਮਝ ਆ ਗਈਆਂ ਸਨ।

ਵੀਹ ਜੁਲਾਈ ਨੂੰ ਰਾਤੀਂ ਖਾਣੇ ਦੇ ਟੇਬਲ 'ਤੇ ਬੈਠਿਆਂ ਮਨੀ ਦੇ ਪਾਪਾ ਨੇ ਕਿਹਾ, "ਮਨੀ ਬੇਟਾ! ਕੱਲ੍ਹ ਨੂੰ ਇੱਕੀ ਜੁਲਾਈ ਹੈ। ਤੂੰ ਮੈਨੂੰ ਆਪਣੇ ਸਮਾਨ ਦੀ ਲਿਸਟ ਨਹੀਂ ਦਿੱਤੀ। ਕੀ ਤੈਨੂੰ ਆਪਣਾ ਜਨਮ-ਦਿਨ ਯਾਦ ਨਹੀਂ?"

"ਨਹੀਂ ਪਾਪਾ, ਯਾਦ ਹੈ, ਮੈਨੂੰ ਆਪਣਾ ਜਨਮ-ਦਿਨ," ਮਨੀ ਨੇ ਸਕੂਲ - ਬੈਗ ਨੂੰ ਫਰੋਲ਼ਦਿਆਂ ਇੱਕ ਕਾਗ਼ਜ਼ ਦਾ ਟੁਕੜਾ ਆਪਣੇ ਪਾਪਾ ਦੇ ਹੱਥ 'ਤੇ ਰੱਖਦਿਆਂ ਕਿਹਾ।

"ਮਨੀ !ਆਹ ਕੀ ਪੁੱਤਰ?" ਉਸ ਦੇ ਪਾਪਾ ਨੇ ਕਾਗ਼ਜ਼ 'ਤੇ ਲਿਖੀਆਂ ਵਸਤਾਂ ਨੂੰ ਪੜ੍ਹਦਿਆਂ ਕਿਹਾ।

"ਇਸ 'ਤੇ ਤਾਂ ਰੁੱਖਾਂ ਦੇ ਨਾਂ ਲਿਖੇ ਹੋਏ ਹਨ। ਖਾਣ -ਪੀਣ ਵਾਲ਼ੇ ਸਮਾਨ ਦੀ ਲਿਸਟ ਕਿੱਥੇ ਹੈ?"

ਮਨੀ ਨੇ ਥੋੜ੍ਹਾ ਗੰਭੀਰ ਹੁੰਦੀਆਂ ਕਿਹਾ, "ਨਹੀਂ ਪਾਪਾ ਇਸ ਵਾਰ ਟੌਫ਼ੀਆਂ, ਚਾਕਲੇਟ ਨਹੀਂ, ਸਿਰਫ਼ ਮੈਨੂੰ ਇਹ ਪੌਦੇ ਹੀ ਚਾਹੀਦੇ ਹਨ। ਮੈਂ ਆਪਣੇ ਜਨਮ-ਦਿਨ 'ਤੇ ਇਹਨਾਂ ਪੌਦਿਆਂ ਨੂੰ ਹੀ ਆਪਣੇ ਸਕੂਲ ਵਿੱਚ ਲਾਵਾਂਗੀ।"

ਮਨੀ ਦੇ ਪਾਪਾ ਨੇ ਉਸ ਨੂੰ ਘੁੱਟ ਕੇ ਗਲਵੱਕੜੀ ਪਾ ਲਈ ਅਤੇ ਸ਼ਾਬਾਸ਼ ਦਿੰਦਿਆਂ ਕਿਹਾ, "ਵਾਹ ਪੁੱਤਰਾ! ਜੇਕਰ ਤੇਰੇ ਵਾਂਗ ਹਰ ਇੱਕ ਬੱਚਾ ਆਪੋ- ਆਪਣੇ ਜਨਮ -ਦਿਨ 'ਤੇ ਇੱਕ-ਇੱਕ ਪੌਦਾ ਲਾਉਣ ਦਾ ਪ੍ਰਣ ਕਰ ਲਵੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੀ ਧਰਤੀ 'ਤੇ ਹਰ ਪਾਸੇ ਹਰਿਆਵਲ ਹੀ ਹਰਿਆਵਲ ਨਜ਼ਰ ਆਵੇਗੀ।"

ਅਗਲੇ ਦਿਨ ਮਨੀ ਤੇ ਕਰਨ ਘਰੋਂ ਹਰੇ-ਭਰੇ ਪੌਦੇ ਸਕੂਲ 'ਚ ਲਾਉਣ ਲਈ ਲੈ ਤੁਰੇ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ:-**

ੳ. ਮਨੀ ਤੇ ਕਰਨ ਕਿਸ ਸਕੂਲ ਵਿੱਚ ਪੜ੍ਹਦੇ ਸਨ?

ਅ. ਕਿਸ ਦਾ ਜਨਮ-ਦਿਨ ਪਹਿਲਾਂ ਆਇਆ?

ੲ. ਮਨੀ ਦਾ ਜਨਮ-ਦਿਨ ਕਿਸ ਤਰੀਕ ਨੂੰ ਸੀ?

ਸ. ਸਕੂਲ ਵਿੱਚ ਕਿਹੜਾ ਉਤਸਵ ਮਨਾਇਆ ਜਾਣਾ ਸੀ?

ਹ. ਮਨੀ ਨੇ ਆਪਣੇ ਜਨਮ-ਦਿਨ 'ਤੇ ਸਕੂਲ ਵਿੱਚ ਕੀ ਲਿਜਾਣ ਦਾ ਫ਼ੈਸਲਾ ਕੀਤਾ?

**2. ਹੇਠ ਲਿਖੇ ਵਾਕਾਂ ਵਿੱਚ ਠੀਕ (✓) ਤੇ ਗਲਤ (×) ਦਾ ਨਿਸ਼ਾਨ ਲਾਓ :-**

ੳ. ਮਨੀ ਤੇ ਕਰਨ ਵੱਖ- ਵੱਖ ਸਕੂਲਾਂ ਵਿੱਚ ਪੜ੍ਹਦੇ ਸਨ।

ਅ. ਕਰਨ ਨੇ ਆਪਣਾ ਜਨਮ- ਦਿਨ ਨਹੀਂ ਮਨਾਇਆ ਸੀ।

ੲ. ਮਨੀ ਨੇ ਸਕੂਲ ਵਿੱਚ ਰੁੱਖਾਂ ਬਾਰੇ ਇੱਕ ਕਵਿਤਾ ਪੜ੍ਹਨੀ ਸੀ।

ਸ. ਰੁੱਖਾਂ ਦਾ ਸਾਡੇ ਜੀਵਨ ਵਿੱਚ ਕੋਈ ਮਹੱਤਵ ਨਹੀਂ।

ਹ. ਮਨੀ ਤੇ ਕਰਨ ਸਕੂਲ ਵਿੱਚ ਹਰੇ-ਭਰੇ ਪੌਦੇ ਲਾਉਣ ਗਏ।

**3. ਹੇਠ ਲਿਖੇ ਪ੍ਰਸ਼ਨਾਂ ਦੇ ਦੋ- ਤਿੰਨ ਸਤਰਾਂ ਵਿੱਚ ਉੱਤਰ ਦਿਓ:-**

ੳ. ਕਰਨ ਨੇ ਆਪਣਾ ਜਨਮ -ਦਿਨ ਕਿਵੇਂ ਮਨਾਇਆ?

ਅ. ਮਨੀ ਆਪਣੇ ਜਨਮ -ਦਿਨ ਨੂੰ ਲੈ ਕੇ ਕਿਸ ਤਰ੍ਹਾਂ ਉਤਸੁਕ ਸੀ?

ੲ. ਅਧਿਆਪਕ ਗੁਰਦੀਪ ਜੀ ਨੇ ਆਪਣੇ ਭਾਸ਼ਣ ਵਿੱਚ ਰੁੱਖਾਂ ਦੀ ਕੀ ਮਹੱਤਤਾ ਦੱਸੀ?

ਸ. ਮਨੀ ਨੇ ਆਪਣਾ ਜਨਮ- ਦਿਨ ਕਿਸ ਤਰ੍ਹਾਂ ਮਨਾਉਣ ਦੀ ਸੋਚੀ?

ਹ. ਮਨੀ ਦੇ ਪਾਪਾ ਨੇ ਮਨੀ ਨੂੰ ਸ਼ਾਬਾਸ਼ ਦਿੰਦਿਆਂ ਕੀ ਕਿਹਾ?

4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :-

ਧੂਮ-ਧਾਮ, ਪ੍ਰਣ, ਫ਼ਜ਼ੂਲ, ਗਤੀਵਿਧੀ, ਉਤਸਵ

5. ਵਾਕਾਂ ਵਿੱਚ ਆਏ ਸ਼ਬਦਾਂ 'ਚ ਕਿਰਿਆ-ਸ਼ਬਦ ਚੁਣੋ :-

ੳ. ਮਨੀ ਦੀ ਮੰਮੀ ਰਸੋਈ ਵਿੱਚ ਕੰਮ ਕਰਦੀ ਸੀ।

ਅ. ਮੈਂ ਪਾਪਾ ਨਾਲ਼ ਗੱਲ ਕਰਾਂਗੀ।

ੲ. ਮੈਂ ਵੀ ਰੁੱਖਾਂ ਬਾਰੇ ਇੱਕ ਕਵਿਤਾ ਪੜ੍ਹਨੀ ਹੈ।

ਸ. ਮਨੀ ਤੇ ਕਰਨ ਆਪਣੀਆਂ ਜਮਾਤਾਂ ਵਿੱਚ ਚਲੇ ਗਏ।

ਹ. ਬੇਸਮਝ ਲੋਕ ਰੁੱਖਾਂ ਨੂੰ ਕੱਟਦੇ ਹਨ।

6. ਸ਼ੁੱਧ ਕਰ ਕੇ ਲਿਖੋ :-

ਵਾਤਾਵਰਣ, ਕੋਸ਼ਿਸ਼, ਠੰਡੀਆਂ , ਕਾਗਜ, ਪੜਦਿਆਂ

7. ਹੇਠ ਲਿਖੇ ਸ਼ਬਦ ਹਿੰਦੀ ਤੇ ਅੰਗਰੇਜ਼ੀ ਵਿੱਚ ਵੀ ਲਿਖੋ :-

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਭੈਣ | .............. | .............. |
| ਚੀਜ਼ਾਂ | .............. | .............. |
| ਮੋਮਬੱਤੀ | .............. | .............. |
| ਪੌਦਾ | .............. | .............. |
| ਹਰਾ | .............. | .............. |

**ਰਚਨਾਤਮਿਕ ਕਾਰਜ**

ਰੁੱਤਾਂ ਦੀ ਮਹੱਤਤਾ ਸੰਬੰਧੀ ਵਿਦਿਆਰਥੀ ਆਪਣੀ ਜਮਾਤ ਵਿੱਚ ਵਿਚਾਰ-ਵਟਾਂਦਰਾ ਕਰਨ।

* * *

ਪਾਠ 15



# ਪਿੰਜੌਰ ਬਾਗ਼

ਚੰਡੀਗੜ੍ਹ ਆਏ ਕਿਸੇ ਸੈਲਾਨੀ ਦੀ ਸੈਰ ਉਦੋਂ ਤੱਕ ਪੂਰੀ ਨਹੀਂ ਸਮਝੀ ਜਾਂਦੀ, ਜਦੋਂ ਤੱਕ ਉਹ ਪਿੰਜੌਰ ਦਾ ਬਾਗ਼ ਨਹੀਂ ਵੇਖਦਾ। ਇਹ ਬਾਗ਼ ਚੰਡੀਗੜ੍ਹ ਤੋਂ ਉੱਨੀ ਕਿਲੋਮੀਟਰ ਦੂਰ ਸ਼ਿਮਲੇ ਨੂੰ ਜਾਂਦੀ ਸੜਕ ਉੱਤੇ ਹੈ। ਇਹ ਥਾਂ ਹਰਿਆਣੇ ਪ੍ਰਾਂਤ ਦੀਆਂ ਵੇਖਣਯੋਗ ਥਾਂਵਾਂ ਵਿੱਚੋ ਇੱਕ ਹੈ। ਹਰ ਰੋਜ਼ ਸੈਂਕੜੇ ਲੋਕ ਇਸ ਬਾਗ਼ ਨੂੰ ਵੇਖਣ ਆਉਂਦੇ ਹਨ। ਛੁੱਟੀ ਵਾਲ਼ੇ ਦਿਨ ਤਾਂ ਏਥੇ ਜਿਵੇਂ ਮੇਲਾ ਲੱਗਿਆ ਹੁੰਦਾ ਹੈ। ਸੋਹਣੇ ਕੱਪੜਿਆਂ ਵਿੱਚ ਸਜੇ ਹਰ ਉਮਰ ਦੇ ਲੋਕ ਟੋਲੀਆਂ ਬੰਨ੍ਹ-ਬੰਨ੍ਹ ਇਸ ਬਾਗ਼ ਵਿੱਚ ਸੈਰ ਕਰਦੇ ਹਨ।

ਇਹ ਬਾਗ਼ ਮੁਗ਼ਲ ਬਾਦਸ਼ਾਹ, ਔਰੰਗਜ਼ੇਬ ਦੇ ਸਮੇਂ ਬਣਾਇਆ ਗਿਆ ਸੀ, ਇਸ ਲਈ ਇਸ ਨੂੰ ਮੁਗ਼ਲ ਬਾਗ਼ ਵੀ ਕਿਹਾ ਜਾਂਦਾ ਹੈ। ਸਮੇਂ-ਸਮੇਂ ਇਹ ਬਾਗ਼ ਕਈ ਰਾਜਿਆਂ ਦੇ ਅਧਿਕਾਰ ਵਿੱਚ ਰਿਹਾ। ਕਈ ਵਾਰੀ ਉੱਜੜਿਆ - ਪੁੱਜੜਿਆ ਵੀ। ਅੰਤ ਉੱਨ੍ਹੀਵੀਂ ਸਦੀ ਦੇ ਅੰਤ ਵਿੱਚ ਪਟਿਆਲ਼ੇ ਦੇ ਰਾਜੇ ਨੇ ਇਸ ਨੂੰ ਖ਼ਰੀਦ ਕੇ ਮੁੜ ਅਬਾਦ ਕੀਤਾ। ਇਸ ਬਾਗ਼ ਦਾ ਹੁਣ ਵਾਲ਼ਾ ਨਾਂ ਪਟਿਆਲ਼ੇ ਦੇ ਅੰਤਿਮ ਰਾਜੇ ਯਾਦਵਿੰਦਰ ਸਿੰਘ ਦੇ ਨਾਂ ਤੇ 'ਯਾਦਵਿੰਦਰਾ ਗਾਰਡਨ' ਰੱਖਿਆ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਹਰਿਆਣਾ ਸਰਕਾਰ ਨੇ ਇਸ ਬਾਗ਼ ਦੀ ਖਿੱਚ ਵਧਾਉਣ ਲਈ ਬਹੁਤ ਦਿਲਚਸਪੀ ਲਈ ਹੈ। ਨਤੀਜੇ ਵਜੋਂ ਇਹ ਥਾਂ ਏਨੀ ਵਧੀਆ ਬਣ ਗਈ ਹੈ ਕਿ ਏਥੇ ਆ ਕੇ ਮੁੜ ਜਾਣ ਨੂੰ ਜੀਅ ਹੀ ਨਹੀਂ ਕਰਦਾ।

ਬਾਗ਼ ਤੋਂ ਸੜਕ ਟੱਪ ਕੇ ਪਿੰਜੌਰ ਦੀ ਨਗਰੀ ਹੈ। ਇਸ ਦਾ ਪੁਰਾਣਾ ਨਾਂ ਪੰਜਪੁਰਾ ਅਰਥਾਤ ਪੰਜ ਚੋਟੀਆਂ ਵਾਲ਼ਾ ਸੀ। ਕਿਹਾ ਜਾਂਦਾ ਹੈ ਕਿ ਪਾਂਡਵ ਆਪਣੇ ਦੇਸ-ਨਿਕਾਲ਼ੇ ਸਮੇਂ ਇੱਥੇ ਠਹਿਰੇ ਸਨ।

ਪਿੰਜੌਰ ਬਾਗ਼ ਪਹਾੜੀ ਨਜ਼ਾਰਿਆਂ ਵਿਚਕਾਰ ਬਵੰਜਾ ਏਕੜ ਥਾਂ ਵਿੱਚ ਫੈਲਿਆ ਹੋਇਆ ਹੈ। ਕਸ਼ਮੀਰ ਦੇ ਨਿਸ਼ਾਤ ਬਾਗ਼ ਅਤੇ ਲਾਹੌਰ ਦੇ ਸ਼ਾਲੀਮਾਰ ਬਾਗ਼ ਵਿੱਚ ਜਿਉਂ -ਜਿਉਂ ਉਤਾਂਹ ਚੜ੍ਹਦੇ ਹਾਂ ਤਾਂ ਅਜੀਬ ਸੁੰਦਰ ਨਜ਼ਾਰੇ ਦਿਸਦੇ ਹਨ। ਪਿੰਜੌਰ ਬਾਗ਼ ਵਿੱਚ ਇਸ ਤੋਂ ਉਲਟ ਹੈ। ਏਥੇ ਥੋੜ੍ਹੇ ਫ਼ਾਸਲੇ 'ਤੇ ਤਿੰਨ ਉਤਰਾਈਆਂ ਹਨ। ਇਸ ਦਾ ਵੱਡਾ ਦਰਵਾਜ਼ਾ ਲੰਘ ਕੇ ਸਾਹਮਣੇ ਸ਼ੀਸ਼- ਮਹਿਲ ਹੈ। ਇਸ ਦੇ ਦੋਵੇਂ ਪਾਸੇ ਪੌੜੀਆਂ ਹਨ। ਕੁਝ ਕਦਮ ਚੱਲ ਕੇ ਰੰਗ- ਮਹਿਲ ਆਉਂਦਾ ਹੈ ਅਤੇ ਉਸ ਤੋਂ ਅਗਾਂਹ ਉੱਤਰ ਕੇ ਜਲ- ਮਹਿਲ ਹੈ। ਅਖ਼ੀਰ ਵਿੱਚ ਇੱਕ ਖੁੱਲ੍ਹੀ ਸਟੇਜ ਬਣੀ ਹੋਈ ਹੈ।

ਬਾਗ਼ ਦੇ ਵਿਚਕਾਰ ਝਰਨਿਆਂ ਨੂੰ ਪਾਣੀ ਲਿਜਾਂਦੀ ਇੱਕ ਛੋਟੀ ਜਿਹੀ ਨਹਿਰ ਹੈ। ਨਹਿਰ ਦੇ ਕੰਢਿਆਂ ਉੱਤੇ ਅਤੇ ਵਿਚਕਾਰ ਥੋੜ੍ਹੀ- ਥੋੜ੍ਹੀ ਵਿੱਥ ਉੱਤੇ ਫੁਹਾਰੇ ਲੱਗੇ ਹੋਏ ਹਨ। ਕਤਾਰਾਂ ਵਿੱਚ ਲਾਏ ਗਏ ਇਹ ਫੁਹਾਰੇ ਜਦੋਂ ਚੱਲਦੇ ਹਨ ਤਾਂ ਬਹੁਤ ਸੋਹਣੇ ਲੱਗਦੇ ਹਨ।

ਰੰਗ- ਮਹਿਲ ਦੇ ਸਾਮ੍ਹਣੇ ਵੀ ਤਰਤੀਬ ਵਿੱਚ ਲਾਏ ਫੁਹਾਰੇ ਹਨ ਅਤੇ ਇੱਥੇ ਇੱਕ ਝਰਨਾ ਡਿਗਦਾ ਹੈ। ਜਲ- ਮਹਿਲ ਦੇ ਚੁਫੇਰੇ ਵੀ ਫੁਹਾਰੇ ਛਹਿਬਰ ਲਾਉਂਦੇ ਹਨ। ਜਲ- ਮਹਿਲ ਦੇ ਨਾਲ਼ ਬਣੇ ਵਿਹੜੇ ਵਿੱਚ ਜਦੋਂ ਲੋਕੀਂ ਕੁਰਸੀਆਂ ਡਾਹ ਕੇ ਨਜ਼ਾਰਾ ਵੇਖਦੇ ਹਨ ਤਾਂ ਫੁਹਾਰਿਆ ਦੀ ਹਲਕੀ ਫੁਹਾਰ ਸਾਉਣ ਮਹੀਨੇ ਦੇ ਬੁੱਲਿਆਂ ਵਾਂਗ ਠੰਢਕ ਪਹੁੰਚਾਉਂਦੀ ਅਤੇ ਸਰਸਰਾਹਟ ਪੈਦਾ ਕਰਦੀ ਹੈ।

ਏਥੋਂ ਦੀ ਵਿਸ਼ੇਸ਼ ਗੱਲ ਏਥੇ ਦਾ ਰੋਸ਼ਨੀ-ਪ੍ਰਬੰਧ ਹੈ। ਰਾਤ ਵੇਲ਼ੇ ਝਰਨਿਆਂ , ਫ਼ਹਾਰਿਆਂ ਦੇ ਹੇਠਾਂ ਰੰਗ-ਬਰੰਗੀਆਂ ਬੱਤੀਆਂ ਚਮਕ ਉੱਠਦੀਆਂ ਹਨ। ਚਾਂਦੀਰੰਗਾ ਪਾਣੀ ਬਹੁਰੰਗਾ ਹੋ ਜਾਂਦਾ ਹੈ। ਨਹਿਰ ਦੇ ਦੁਪਾਸੀਂ ਰਾਹਾਂ ਦੇ ਨਾਲ਼ ਬਣਾਈਆਂ ਘਾਹ ਦੀਆਂ ਪੱਟੀਆਂ ਵਿੱਚ ਵੀ ਬੱਤੀਆਂ ਲੱਗੀਆਂ ਹੋਈਆਂ ਹਨ। ਕੱਟੀਆਂ ਹੋਈਆ ਝਾੜੀਆਂ ਅਤੇ ਦਰਖ਼ਤਾਂ ਦੀਆਂ ਟਾਹਣੀਆਂ ਤੇ ਰੁਸ਼ਨਾਏ ਹੋਏ ਪੱਤੇ ਬਹੁਤ ਮਨਮੋਹਣੇ ਲੱਗਦੇ ਸਨ। ਸਾਰਾ ਆਲ਼ਾ-ਦੁਆਲ਼ਾ ਖਿੜ ਉੱਠਦਾ ਹੈ।

ਹੋਰਨਾਂ ਬਗ਼ੀਚਿਆਂ ਵਿੱਚ ਸੰਝ ਪੈਣ ਸਮੇਂ ਜਦੋਂ ਮੱਠਾ-ਮੱਠਾ ਹਨੇਰਾ ਹੋਣ ਲੱਗਦਾ ਹੈ ਤਾਂ ਆਮ ਤੌਰ ’ਤੇ ਸੈਰ ਕਰਨ ਵਾਲੇ ਘਰਾਂ ਨੂੰ ਚੱਲ ਪੈਂਦੇ ਹਨ। ਏਥੇ ਇਸ ਤੋਂ ਉਲਟ, ਬੱਤੀਆਂ ਜਗਦੀਆਂ ਵੇਖਣ ਦੀ ਚਾਹ ਵਿੱਚ ਜਿਉਂ-ਜਿਉਂ ਦਿਨ ਢਲ਼ਦਾ ਹੈ, ਸੈਲਾਨੀ ਵਹੀਰਾਂ ਘੱਤੀ ਆਉਂਦੇ ਹਨ।

ਇਸ ਬਾਗ਼ ਦੇ ਚੁਫੇਰੇ ਇੱਕ ਉੱਚੀ ਚਾਰ-ਦਿਵਾਰੀ ਹੈ। ਅੱਜ ਤੋਂ ਕੁਝ ਸਮਾਂ ਪਹਿਲਾਂ ਤੱਕ ਇਸ ਦੇ ਅੰਦਰਵਾਰ ਇੱਕ ਪੱਕੇ ਰਾਹ ਉੱਤੇ ਥੋੜ੍ਹੀ- ਥੋੜ੍ਹੀ ਵਿੱਥ ’ਤੇ ਬਣੇ ਪਿੰਜਰਿਆਂ ਵਿੱਚ ਭਾਂਤ-ਭਾਂਤ ਦੇ ਪੰਛੀ ਅਤੇ ਜੰਗਲ਼ੀ ਜਾਨਵਰ ਪਾਲ਼ੇ ਹੋਏ ਸਨ। ਬੱਚਿਆਂ ਲਈ ਇਹ ਵੱਡੀ ਖਿੱਚ ਵਾਲ਼ੀ ਚੀਜ਼ ਸੀ। ਜਿਹੜੇ ਜਾਨਵਰਾਂ ਅਤੇ ਪੰਛੀਆਂ ਬਾਰੇ ਉਹ ਆਪਣੀਆਂ ਕਿਤਾਬਾਂ ਵਿੱਚ ਪੜ੍ਹਦੇ ਹਨ, ਉਹ ਏਥੇ ਵੇਖਣ ਨੂੰ ਮਿਲ਼ਦੇ ਸਨ, ਜਿਵੇਂ— ਗਿੱਦੜ, ਰਿੱਛ, ਲੂੰਬੜੀ, ਬਾਂਦਰ, ਲੰਗੂਰ, ਹੰਸ, ਬਤਕਾਂ, ਸਾਰਸ, ਪਹਾੜੀ ਮੁਰਗੇ, ਉੱਲੂ, ਕਬੂਤਰ, ਬਟੇਰੇ, ਤੋਤੇ, ਰੰਗ-ਬਰੰਗੀਆਂ ਚਿੜੀਆਂ, ਚਿੱਟੇ ਚੂਹੇ ਆਦਿ। ਇਹਨਾਂ ਵਿੱਚ ਪੰਛੀਆਂ ਤੇ ਜਾਨਵਰਾਂ ਦੀਆਂ ਕਈ ਕਿਸਮਾਂ ਸਨ।

ਕਈ ਜੀਵ ਦੂਰ-ਦੁਰਾਡੇ ਇਲਾਕਿਆਂ ਦੇ ਵਾਸੀ ਸਨ। ਪਰਵਾਸੀ ਪੰਛੀ ਵੀ ਸਨ ਜੋ ਪੰਜਾਬ ਵਿੱਚ ਕਿਸੇ ਇੱਕ ਰੁੱਤ ਵਿੱਚ ਹੀ ਵੇਖਣ ਨੂੰ ਮਿਲ਼ਦੇ ਹਨ। ਪਿੰਜਰਿਆਂ ਵਿੱਚ ਇਹਨਾਂ ਜੀਵਾਂ ਦੇ ਘਰ ਉਹਨਾਂ ਦੇ ਜੰਗਲ਼ਾਂ ਤੇ ਪਹਾੜਾਂ ਵਿੱਚ ਬਣੇ ਕੁਦਰਤੀ ਘਰਾਂ ਵਾਂਗ ਹੀ ਬਣਾਏ ਗਏ ਸਨ। ਹੁਣ ਇਹ ਜਾਨਵਰ ਅਤੇ ਪੰਛੀ ਕਿਸੇ ਕਾਰਨ ਇੱਥੋਂ ਹਟਾ ਦਿੱਤੇ ਗਏ ਹਨ।

ਇਸ ਬਾਗ਼ ਵਿੱਚ ਸੈਲਾਨੀਆਂ ਦੇ ਖਾਣ-ਪੀਣ ਅਤੇ ਰਹਿਣ ਦਾ ਵੀ ਪ੍ਰਬੰਧ ਹੈ। ਬਾਗ਼ ਦੇ ਬਾਹਰ ਸਜਾਵਟ ਵਾਲ਼ੀਆਂ ਅਤੇ ਹੋਰ ਚੀਜ਼ਾਂ ਦੀਆਂ ਦੁਕਾਨਾਂ ਹਨ।

## ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ :-

ੳ. ਪਿੰਜੌਰ ਬਾਗ਼ ਕਿੱਥੇ ਸਥਿਤ ਹੈ ?

(ੳ) ਚੰਡੀਗੜ੍ਹ ਵਿਖੇ (ਅ) ਕਾਲਕਾ ਵਿਖੇ (ੲ) ਪਿੰਜੌਰ ਵਿਖੇ।

ਅ. ਇਸ ਬਾਗ਼ ਦਾ ਨੂੰ ਕਿਸ ਨੇ ਬਣਾਇਆ ਸੀ ?

(ੳ) ਮੁਗ਼ਲ ਬਾਦਸ਼ਾਹ ਨੇ (ਅ) ਹਰਿਆਣਾ ਸਰਕਾਰ ਨੇ (ੲ) ਯਾਦਵਿੰਦਰ ਸਿੰਘ ਨੇ

ੲ. ਇਸ ਬਾਗ਼ ਵਿੱਚ ਕਿੰਨੇ ਮਹਿਲਾਂ ਦਾ ਜ਼ਿਕਰ ਹੈ ?

(ੳ) ਇੱਕ (ਅ) ਦੋ (ੲ) ਤਿੰਨ

ਸ. ਪਿੰਜੌਰ ਬਾਗ਼ ਵਿਖੇ ਪੰਛੀਆਂ ਅਤੇ ਜਾਨਵਰਾਂ ਨੂੰ ਕਿਵੇਂ ਰੱਖਿਆ ਗਿਆ ਸੀ?

(ੳ) ਕਮਰਿਆਂ ਵਿੱਚ (ਅ) ਪਿੰਜਰਿਆਂ ਵਿੱਚ (ੲ) ਖੁੱਲ੍ਹੇ ਛੱਡਿਆ ਹੋਇਆ ਸੀ।

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-

ੳ. ਪਿੰਜੌਰ ਬਾਗ਼ ਦਾ ਦੂਜਾ ਨਾਂ ਕੀ ਹੈ?

ਅ. ਪਿੰਜੌਰ ਬਾਗ਼ ਦਾ ਪੁਰਾਣਾ ਨਾਂ ਕੀ ਹੈ?

ੲ. ਪਿੰਜੌਰ ਬਾਗ਼ ਦੀ ਖ਼ਾਸ ਗੱਲ ਕਿਹੜੀ ਹੈ?

ਸ. ਬਾਗ਼ ਵਿੱਚ ਅਜਿਹੀ ਕਿਹੜੀ ਚੀਜ਼ ਹੈ, ਜੋ ਬੱਚਿਆਂ ਲਈ ਖਿੱਚ ਦਾ ਕਾਰਨ ਬਣਦੀ ਹੈ?

ਹ. ਪਿੰਜੌਰ ਬਾਗ਼ ਵਿੱਚ ਕਿਹੜੇ -ਕਿਹੜੇ ਜਾਨਵਰ ਅਤੇ ਪੰਛੀ ਹੁੰਦੇ ਸਨ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :-

ੳ. ਪਿੰਜੌਰ ਬਾਗ਼ ਕਿਉਂ ਪ੍ਰਸਿੱਧ ਹੈ?

ਅ. ਪਿੰਜੌਰ ਬਾਗ਼ ਦਾ ਨਾਂ ਯਾਦਵਿੰਦਰਾ ਗਾਰਡਨ ਕਿਉਂ ਰੱਖਿਆ ਗਿਆ?

ੲ. ਆਮ ਬਾਗ਼ਾਂ ਨਾਲੋਂ ਪਿੰਜੌਰ ਬਾਗ਼ ਕਿਹੜੀਆਂ ਗੱਲਾਂ ਵਿੱਚ ਵੱਖਰਾ ਹੈ?

ਸ. ਜਦੋਂ ਹਨੇਰਾ ਹੁੰਦਾ ਹੈ ਤਾਂ ਸੈਲਾਨੀ ਬਾਗ਼ ਵੱਲ ਕਿਉਂ ਚੱਲ ਪੈਂਦੇ ਹਨ?

ਹ. ਪਿੰਜੌਰ ਬਾਗ਼ ਦੀ ਸੁੰਦਰਤਾ ਵਿੱਚ ਵਾਧਾ ਕਰਨ ਵਾਲ਼ੀਆਂ ਮੁੱਖ ਗੱਲਾਂ ਕਿਹੜੀਆਂ ਹਨ?

## 4. ਵਾਕਾਂ ਵਿੱਚ ਵਰਤੋ :-

ਤਰਤੀਬ, ਫੁਹਾਰੇ, ਪਰਵਾਸੀ ਪੰਛੀ, ਸੋਹਣਾ, ਅਧਿਕਾਰ

## 5. ਖ਼ਾਲੀ ਥਾਂਵਾਂ ਭਰੋ :-

ਸੈਲਾਨੀ,ਦੂਰ-ਦੁਰਾਡੇ, ਖਿੜ, ਸੁੰਦਰਤਾ, ਰੰਗ-ਬਰੰਗੇ,

ੳ. ਇਸ ਬਾਗ਼ ਦੀ.......ਨੂੰ ਚਾਰ ਚੰਨ ਲਾਉਣ ਵਾਲ਼ੀਆਂ ਕਈ ਚੀਜ਼ਾਂ ਹਨ।

ਅ. ਬਾਗ਼ ਵਿੱਚ.......ਫੁੱਲਾਂ ਵਾਲ਼ੇ ਬੂਟੇ ਹਨ।

ੲ. ਹਨੇਰਾ ਹੋਣ 'ਤੇ......ਬਾਗ਼ ਵੱਲ ਚੱਲ ਪੈਂਦੇ ਹਨ।

ਸ. ਸਾਰਾ ਆਲ਼ਾ-ਦੁਆਲ਼ਾ ............ ਉੱਠਦਾ ਹੈ।

ਹ. ਕਈ ਜੀਵ........ਇਲਾਕਿਆਂ ਦੇ ਵਾਸੀ ਹਨ।

## 6. ਹੇਠ ਲਿਖੇ ਸ਼ਬਦਾਂ ਦੇ ਹਿੰਦੀ, ਅੰਗਰੇਜ਼ੀ ਸ਼ਬਦ ਲਿਖੋ:

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਥਾਂਵਾਂ | ............... | ............... |
| ਕੁਦਰਤੀ | ............... | ............... |
| ਨਤੀਜੇ ਵਜੋਂ | ............... | ............... |
| ਕੁਰਸੀ | ............... | ............... |

## 7. ਵਿਰੋਧੀ ਸ਼ਬਦ ਲਿਖੋ :-

ਹਨੇਰਾ, ਦਿਨ, ਅਸਲੀ, ਜਨਮ, ਕਮਜ਼ੋਰ

## 8. ਸ਼ੁੱਧ ਕਰ ਕੇ ਲਿਖੋ :-

ਪਰਸੀਧ, ਛੈਹਬਰ, ਸਲਾਨੀ, ਨੈਹਰ, ਪ੍ਰਵਾਸੀ, ਬੱਤਖਾਂ

**ਵਿਦਿਆਰਥੀਆਂ ਲਈ**

ਆਪਣੀ ਜਮਾਤ ਦੇ ਅਧਿਆਪਕ ਜੀ ਨੂੰ ਪਾਠ ਵਿਚਲੀ ਅਜਿਹੀ ਕਿਸੇ ਥਾਂ 'ਤੇ ਲਿਜਾਣ ਲਈ ਕਹੋ।

# ਮਹਾਨ ਇਨਕਲਾਬੀ—ਸੁਭਾਸ਼ ਚੰਦਰ ਬੋਸ

ਪਾਠ 16

ਭਾਰਤ ਦੇ ਸੁਤੰਤਰਤਾ-ਸੰਗਰਾਮ ਵਿੱਚ ਜਿਨ੍ਹਾਂ ਸੂਰਬੀਰਾਂ ਨੇ ਬੇਮਿਸਾਲ ਯੋਗਦਾਨ ਪਾਇਆ, ਉਹਨਾਂ ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਨਾਂ ਵੀ ਇੱਕ ਚਾਨਣ-ਮੁਨਾਰੇ ਦੀ ਤਰ੍ਹਾਂ ਰੋਸ਼ਨ ਹੈ। ਸੁਭਾਸ਼ ਚੰਦਰ ਬੋਸ ਦਾ ਨਾਂ ਦੇਸ -ਭਗਤਾਂ ਦੀਆਂ ਆਉਂਦੀਆਂ ਪੀੜ੍ਹੀਆਂ ਲਈ ਹਿੰਮਤ, ਹੌਂਸਲੇ ਅਤੇ ਕੁਰਬਾਨੀ ਕਰਕੇ ਪ੍ਰੇਰਨਾ-ਸ੍ਰੋਤ ਬਣਿਆ ਰਹੇਗਾ।

ਭਾਰਤ ਦੇ ਇਸ ਮਹਾਨ ਸਪੂਤ ਦਾ ਜਨਮ ਓੜਿਸ਼ਾ ਪ੍ਰਦੇਸ਼ ਦੇ ਕਟਕ ਸ਼ਹਿਰ ਵਿੱਚ 23 ਜਨਵਰੀ, 1897 ਨੂੰ ਹੋਇਆ। ਜਾਨਕੀ ਬੋਸ ਦੇ 14 ਬੱਚਿਆਂ ਵਿੱਚੋਂ ਸੁਭਾਸ਼ ਛੇਵਾਂ ਬੱਚਾ ਸੀ। ਆਪਣੇ ਪਿੱਤਰੀ ਨਗਰ, ਕਟਕ ਵਿਖੇ ਹੀ ਸੁਭਾਸ਼ ਨੇ ਦਸਵੀਂ ਪਾਸ ਕੀਤੀ। ਅਧਿਆਪਕ ਬੇਨੀ ਮਾਧਵ ਦਾਸ ਦੇ ਜੀਵਨ ਦੀਆਂ ਉੱਤਮ ਨੈਤਿਕ ਕੀਮਤਾਂ ਦੀ ਚੰਗੇ ਸਦਾਚਾਰਿਕ ਜੀਵਨ ਗ੍ਰਹਿਣ ਕਰਨ ਦੇ ਉਪਦੇਸ਼ਾਂ ਨੇ ਸੁਭਾਸ਼ ਚੰਦਰ ਉੱਪਰ ਚੋਖਾ ਪ੍ਰਭਾਵ ਪਾਇਆ।



ਦਸਵੀਂ ਤੋਂ ਬਾਅਦ ਸੁਭਾਸ਼ ਚੰਦਰ ਪ੍ਰੈਜ਼ੀਡੈਂਸੀ ਕਾਲਜ, ਕੋਲਕਾਤਾ ਵਿਖੇ ਦਾਖ਼ਲ ਹੋ ਗਿਆ। ਇੱਕ ਦਿਨ ਜਦ ਪ੍ਰੋਫ਼ੈਸਰ ਐਡਵਰਡ ਐੱਫ਼. ਓਟਨ ਨੇ ਭਾਰਤੀ ਲੋਕਾਂ ਬਾਰੇ ਬੜੇ ਅਪਮਾਨਜਨਕ ਸ਼ਬਦ ਵਰਤੇ ਤਾਂ ਸੁਭਾਸ਼ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟ ਸੁੱਟਿਆ, ਜਿਸ ਕਰਕੇ ਉਸ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਗਿਆ ਪਰ ਅਗਲੇ ਹੀ ਸਾਲ 1917 ਈ: ਵਿੱਚ ਦੁਬਾਰਾ ਦਾਖ਼ਲ ਕਰ ਲਿਆ ਗਿਆ। ਇਸ ਉਦਾਹਰਨ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਸੁਭਾਸ਼ ਚੰਦਰ ਅੰਦਰ ਅਣਖ ਅਤੇ ਦੇਸ-ਭਗਤੀ ਕਿਸ ਹੱਦ ਤਕ ਕੁੱਟ-ਕੁੱਟ ਕੇ ਭਰੀ ਹੋਈ ਸੀ। ਸੁਭਾਸ਼ ਨੇ ਆਨਰਜ਼ -ਇਨ -ਫ਼ਿਲਾਸਫ਼ੀ ਲੈ ਕੇ ਪਹਿਲੇ ਦਰਜੇ ਵਿੱਚ ਬੀ.ਏ. ਕੀਤੀ ਅਤੇ ਉਚੇਰੀ ਸਿੱਖਿਆ ਲਈ 1919 ਈ: ਵਿੱਚ ਉਹ ਇੰਗਲੈਂਡ ਚਲਾ ਗਿਆ। ਉੱਥੇ

ਪਹੁੰਚ ਕੇ ਅੱਠਾਂ ਮਹੀਨਿਆਂ ਦੇ ਥੋੜ੍ਹੇ ਸਮੇਂ ਵਿੱਚ ਹੀ ਉਸ ਨੇ 'ਇੰਡੀਅਨ ਸਿਵਲ ਸਰਵਿਸਜ਼' ਦਾ ਇਮਤਿਹਾਨ ਪਾਸ ਕਰ ਲਿਆ ਅਤੇ ਸਫਲ ਉਮੀਦਵਾਰਾਂ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ।

ਇਹਨੀਂ ਦਿਨੀਂ ਭਾਰਤ ਵਿਖੇ ਲੋਕਮਾਨਿਆ ਤਿਲਕ, ਮਹਾਤਮਾ ਗਾਂਧੀ ਅਤੇ ਦੇਸ਼ਬੰਧੂ ਚਿਤਰੰਜਨ ਦਾਸ, ਸੁਤੰਤਰਤਾ-ਸੰਘਰਸ਼ ਦੀ ਪੂਰੇ ਜੋਸ਼ ਨਾਲ਼ ਅਗਵਾਈ ਕਰ ਰਹੇ ਸਨ। ਸੁਭਾਸ਼ ਚੰਦਰ ਬੋਸ ਦੇ ਭਾਵਕ ਮਨ ਉੱਤੇ ਇਸ ਦਾ ਅਸਰ ਹੋਣਾ ਲਾਜ਼ਮੀ ਸੀ। ਇਸ ਲਈ ਉਸ ਨੇ ਸੁਤੰਤਰਤਾ-ਸੰਘਰਸ਼ ਵਿੱਚ ਸ਼ਾਮਲ ਹੋਣ ਲਈ 1921 ਈ: ਵਿੱਚ'ਇੰਡੀਅਨ ਸਿਵਲ ਸਰਵਿਸਜ਼' ਵਿੱਚੋਂ ਹੀ ਤਿਆਗ-ਪੱਤਰ ਦੇ ਦਿੱਤਾ ਅਤੇ ਭਾਰਤ ਵਾਪਸ ਆ ਕੇ ਸੁਤੰਤਰਤਾ-ਸੰਗਰਾਮ ਵਿੱਚ ਸ਼ਾਮਲ ਹੋ ਗਿਆ।

ਸੁਭਾਸ਼ ਚੰਦਰ ਦੀਆਂ ਸਰਗਰਮੀਆਂ ਨੇ ਸੁਤੰਤਰਤਾ-ਲਹਿਰ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ। ਉਸ ਨੇ ਬੰਗਾਲ ਦੇ ਨੌਜਵਾਨਾਂ ਨੂੰ ਵੰਗਾਰ ਦਿੱਤੀ ਕਿ ਉਹ ਉਸ ਸਮੇਂ ਤੱਕ ਅਰਾਮ ਨਾਲ਼ ਨਾ ਬੈਠਣ, ਜਦ ਤਕ ਕਿ ਭਾਰਤ -ਭੂਮੀ ਅਜ਼ਾਦ ਨਹੀਂ ਹੋ ਜਾਂਦੀ। ਆਪਣੀ ਤਿੱਖੀ ਸੂਝ ਅਤੇ ਦੂਰ-ਅੰਦੇਸ਼ੀ ਸਦਕਾ ਉਹ ਕੋਲਕਤਾ ਕਾਰਪੋਰੇਸ਼ਨ ਵਿਖੇ 27 ਸਾਲ ਦੀ ਉਮਰ ਵਿੱਚ ਹੀ ਮੁੱਖ ਕਾਰਜਕਾਰੀ ਅਫ਼ਸਰ ਨਿਯੁਕਤ ਹੋਇਆ ਤੇ 1929 ਈ: ਵਿੱਚ ਮਦਰਾਸ ਵਿੱਚ ਕਾਂਗਰਸ ਦੇ ਸੈੱਸ਼ਨ ਵਿਖੇ ਜਵਾਹਰ ਲਾਲ ਨਹਿਰੂ ਨਾਲ਼ ਜਨਰਲ ਸਕੱਤਰ ਬਣ ਗਿਆ। ਏਸੇ ਹੀ ਸਾਲ ਕਾਂਗਰਸ ਨੇ ਅੰਗਰੇਜ਼ੀ ਰਾਜ ਤੋਂ ਸੰਪੂਰਨ ਅਜ਼ਾਦੀ ਪ੍ਰਾਪਤ ਕਰਨ ਨੂੰ ਆਪਣਾ ਮੁੱਖ ਟੀਚਾ ਮਿਥਿਆ। ਆਪਣੀ ਅਟੁੱਟ ਮਿਹਨਤ ਅਤੇ ਲਗਨ ਸਦਕਾ ਸੁਭਾਸ਼ ਚੰਦਰ ਬੜੀ ਤੇਜ਼ੀ ਨਾਲ ਨੌਜਵਾਨਾਂ ਦਾ ਹੀ ਨਹੀਂ ਬਲਕਿ ਆਮ ਲੋਕਾਂ ਦਾ ਵੀ ਨਾਇਕ ਬਣ ਗਿਆ। ਦੋ ਵਾਰ ਉਹ ਕਾਂਗਰਸ ਦਾ ਪ੍ਰਧਾਨ ਵੀ ਚੁਣਿਆ ਗਿਆ।

ਉਸ ਨੂੰ ਅਨੇਕਾਂ ਵਾਰ ਕੈਦ ਤਾਂ ਕੀਤਾ ਹੀ ਗਿਆ ਪਰ ਜਿਸ ਹੁਸ਼ਿਆਰੀ ਨਾਲ਼ ਉਹ ਆਪਣੇ ਜੱਦੀ ਘਰ 38 ਐਲਗਨ ਰੋਡ, ਕੋਲਕਾਤਾ ਤੋਂ ਪੁਲਿਸ ਦੀ ਸਖ਼ਤ ਨਜ਼ਰਬੰਦੀ 'ਚੋਂ ਨਿਕਲ਼ ਕੇ ਬਰਲਿਨ ਪਹੁੰਚਿਆ, ਉਹ ਆਪਣੇ -ਆਪ ਵਿੱਚ ਇੱਕ ਬੜੀ ਦਿਲਚਸਪ ਘਟਨਾ ਹੈ। ਬਰਲਿਨ ਤੋਂ ਜਪਾਨੀ ਪਣ- ਡੁੱਬੀ ਦੁਆਰਾ ਨੇਤਾ ਜੀ ਸਿੰਘਾਪੁਰ ਪਹੁੰਚੇ ਜਿੱਥੇ ਉਹਨਾਂ ਨੇ ਜਨਰਲ ਮੋਹਨ ਸਿੰਘ ਦੁਆਰਾ ਸਥਾਪਿਤ 'ਇੰਡੀਅਨ ਨੈਸ਼ਨਲ ਆਰਮੀ' ਨੂੰ 'ਅਜ਼ਾਦ ਹਿੰਦ ਫ਼ੌਜ' ਦੇ ਨਾਂ ਥੱਲੇ ਮੁੜ ਜਥੇਬੰਦ ਕੀਤਾ ਅਤੇ 21 ਅਕਤੂਬਰ, 1943 ਈ: ਨੂੰ 'ਅਜ਼ਾਦ ਹਿੰਦ' ਦੀ ਆਰਜ਼ੀ ਸਰਕਾਰ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ।

'ਅਜ਼ਾਦ ਹਿੰਦ ਫ਼ੌਜ' ਦਾ ਉਦੇਸ਼ ਜਪਾਨੀਆਂ ਨਾਲ਼ ਰਲ ਕੇ ਭਾਰਤ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣਾ ਸੀ ਪਰ ਜਪਾਨ ਦੀ ਹਾਰ ਕਾਰਨ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ ਅਤੇ ਨੇਤਾ ਜੀ ਨੂੰ ਆਪਣੇ ਬਚਾਅ ਲਈ ਫਾਰਮੂਸਾ ਜਾਣਾ ਪਿਆ ਜਿੱਥੇ ਤਾਈਹੋਕੂ ਹਵਾਈ ਅੱਡੇ 'ਤੇ ਹਵਾਈ ਜਹਾਜ਼ ਦੇ ਉਡਾਣ ਭਰਨ ਸਮੇਂ ਜਹਾਜ਼ ਨੂੰ ਅੱਗ ਲੱਗ ਜਾਣ ਕਾਰਨ ਨੇਤਾ ਜੀ 18 ਅਗਸਤ ,1945 ਈ: ਨੂੰ ਪਰਲੋਕ-ਗਮਨ ਕਰ ਗਏ।

ਭਾਵੇਂ ਨੇਤਾ ਜੀ ਭਾਰਤ ਨੂੰ ਸੁਤੰਤਰ ਨਾ ਦੇਖ ਸਕੇ ਪਰ ਜਿਹੜੀ ਦਲੇਰੀ, ਕੁਰਬਾਨੀ, ਜੋਸ਼ ਅਤੇ ਜਾਗਰਤੀ ਦੀ ਜੁਆਲਾ ਉਹਨਾਂ ਭਾਰਤੀ ਲੋਕਾਂ ਅੰਦਰ ਰੋਸ਼ਨ ਕੀਤੀ, ਉਹ ਇੱਕ ਮਹਾਨ ਪ੍ਰਾਪਤੀ ਸੀ। ਕੋਲਕਾਤਾ ਵਿੱਚ ਨੇਤਾ ਜੀ ਦੇ ਜੱਦੀ ਘਰ ਨੂੰ "ਨੇਤਾ ਜੀ ਰਿਸਰਚ ਇੰਸਟੀਚਿਊਟ" ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਤੇ ਏਥੇ ਉਹਨਾਂ ਵੱਲੋਂ ਵਰਤੀ ਗਈ ਹਰ ਛੋਟੀ-ਵੱਡੀ ਚੀਜ਼ ਬੜੀ ਚੰਗੀ ਤਰ੍ਹਾਂ ਸੰਭਾਲ਼ ਕੇ ਰੱਖੀ ਗਈ ਹੈ।

## ਅਭਿਆਸ

### ਬਹੁਵਿਕਲਪੀ ਪ੍ਰਸ਼ਨ :-

1. ਸੁਭਾਸ਼ ਚੰਦਰ ਬੋਸ ਦਾ ਜਨਮ ਕਿਸ ਪ੍ਰਾਂਤ ਵਿੱਚ ਹੋਇਆ?
   (ੳ) ਪੰਜਾਬ ਵਿੱਚ (ਅ) ਕੇਰਲ ਵਿੱਚ (ੲ) ਓੜਿਸ਼ਾ ਵਿੱਚ
2. ਕਿਸ ਦਾ ਪ੍ਰਭਾਵ ਸੁਭਾਸ਼ ਚੰਦਰ ਬੋਸ ਦੀ ਜ਼ਿੰਦਗੀ 'ਤੇ ਚੋਖਾ ਪਿਆ?
   (ੳ) ਭਗਤ ਸਿੰਘ ਦਾ (ਅ) ਅਧਿਆਪਕ ਬੇਨੀ ਮਾਧਵ ਦਾਸ ਦਾ (ੲ) ਕਰਤਾਰ ਸਿੰਘ ਸਰਾਭਾ ਜੀ ਦਾ
3. ਸੁਭਾਸ਼ ਚੰਦਰ ਬੋਸ ਕਿੰਨੀ ਵਾਰ ਕਾਂਗਰਸ ਦੇ ਪ੍ਰਧਾਨ ਚੁਣੇ ਗਏ?
   (ੳ) ਇੱਕ ਵਾਰ (ਅ) ਤਿੰਨ ਵਾਰ (ੲ) ਦੋ ਵਾਰ
4. ਸੁਭਾਸ਼ ਚੰਦਰ ਬੋਸ ਨੇ 'ਇੰਡੀਅਨ ਨੈਸ਼ਨਲ ਆਰਮੀ' ਨੂੰ ਕਿਸ ਨਾਂ ਥੱਲੇ ਮੁੜ ਜਥੇਬੰਦ ਕੀਤਾ?
   (ੳ) ਹਿੰਦ ਫ਼ੌਜ (ਅ) ਅਜ਼ਾਦ ਫ਼ੌਜ (ੲ) ਅਜ਼ਾਦ ਹਿੰਦ ਫ਼ੌਜ
5. ਸੁਭਾਸ਼ ਚੰਦਰ ਬੋਸ ਜੀ ਪਰਲੋਕ-ਗਮਨ ਕਿਵੇਂ ਕਰ ਗਏ?
   (ੳ) ਕੁਦਰਤੀ ਮੌਤ (ਅ) ਫਾਂਸੀ ਚੜ੍ਹਾਉਣ ਨਾਲ਼ (ੲ) ਜਹਾਜ਼ ਨੂੰ ਅੱਗ ਲੱਗ ਜਾਣ ਕਾਰਨ

### 2. ਹੇਠ ਲਿਖੇ ਪ੍ਰਸ਼ਨਾਂ ਦੇ ਦੋ-ਤਿੰਨ ਸਤਰਾਂ ਵਿੱਚ ਉੱਤਰ ਦਿਓ :-

1. ਸੁਭਾਸ਼ ਚੰਦਰ ਬੋਸ ਦਾ ਜਨਮ ਕਦੋਂ ਹੋਇਆ?
2. ਸੁਭਾਸ਼ ਚੰਦਰ ਬੋਸ ਅੰਦਰ ਅਣਖ ਤੇ ਦੇਸ-ਭਗਤੀ ਦੀ ਭਾਵਨਾ ਕਿਵੇਂ ਭਰੀ ਹੋਈ ਸੀ, ਆਪਣੇ ਸ਼ਬਦਾਂ ਵਿੱਚ ਲਿਖੋ।
3. ਸੁਭਾਸ਼ ਚੰਦਰ ਬੋਸ ਨੇ ਸੁਤੰਤਰਤਾ ਲਹਿਰ— ਵਿੱਚ ਇੱਕ ਨਵੀਂ ਰੂਹ ਕਿਵੇਂ ਫੂਕੀ?
4. ਸੁਭਾਸ਼ ਚੰਦਰ ਬੋਸ ਬਰਲਿਨ ਕਿਵੇਂ ਪਹੁੰਚੇ?
5. ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਯਾਦ ਨੂੰ ਕਿਵੇਂ ਸਾਂਭਿਆ ਹੋਇਆ ਹੈ?

### 3. ਖ਼ਾਲੀ ਥਾਂਵਾਂ ਭਰੋ:-

ਤਾਈਹੋਕੂ, ਨੌਜਵਾਨਾਂ, ਸਿੰਘਾਪੁਰ, ਇੰਡੀਅਨ ਸਿਵਲ ਸਰਵਿਸਜ਼, ਕੋਲਕਾਤਾ

1. ਉਸ ਨੇ ਬੰਗਾਲ ਦੇ ................ਨੂੰ ਵੰਗਾਰ ਦਿੱਤੀ।
2. ਬਰਲਿਨ ਤੋਂ ਜਪਾਨੀ ਪਣ- ਡੁੱਬੀ ਦੁਆਰਾ ਨੇਤਾ ਜੀ........ਪਹੁੰਚੇ।
3. .........ਹਵਾਈ ਅੱਡੇ ਤੋਂ ਹਵਾਈ ਜਹਾਜ਼ ਦੇ ਉਡਾਣ ਭਰਨ ਸਮੇਂ ਜਹਾਜ਼ ਨੂੰ ਅੱਗ ਲੱਗ ਗਈ।
4. ਨੇਤਾ ਜੀ ਦਾ ਜੱਦੀ ਘਰ..........ਵਿਖੇ ਹੈ।
5. ਨੇਤਾ ਜੀ ਨੇ.............ਦਾ ਇਮਤਿਹਾਨ ਪਾਸ ਕੀਤਾ।

## 4. ਹੇਠਾਂ ਦਿੱਤੇ ਸ਼ਬਦਾਂ ਨੂੰ ਹਿੰਦੀ ਤੇ ਅੰਗਰੇਜ਼ੀ ਵਿੱਚ ਲਿਖੋ:

| ਪੰਜਾਬੀ | ਹਿੰਦੀ | ਅੰਗਰੇਜ਼ੀ |
| --- | --- | --- |
| ਸੁਤੰਤਰਤਾ | ............... | ............... |
| ਅੱਗ | ............... | ............... |
| ਕੁਰਬਾਨੀ | ............... | ............... |
| ਦਿਲਚਸਪ | ............... | ............... |
| ਭਾਰਤ | ............... | ............... |

## 5. ਵਾਕਾਂ ਵਿੱਚ ਵਰਤੋ :-

ਸੂਰਬੀਰ, ਪ੍ਰੇਰਨਾ-ਸ੍ਰੋਤ, ਵੰਗਾਰ, ਸਿਰੇ ਨਾ ਚੜ੍ਹਨਾ, ਜਥੇਬੰਦ

## 6. ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਚੁਣੋ:

1. ਉਸ ਨੂੰ ਅਨੇਕਾਂ ਵਾਰ ਕੈਦ ਕੀਤਾ ਗਿਆ।
2. ਦੋ ਵਾਰ ਉਹ ਕਾਂਗਰਸ ਦਾ ਪ੍ਰਧਾਨ ਵੀ ਚੁਣਿਆ ਗਿਆ।
3. ਉਹ ਆਪਣੇ-ਆਪ ਵਿੱਚ ਬੜੀ ਦਿਲਚਸਪ ਘਟਨਾ ਹੈ।
4. ਉਸ ਨੇ ਬੰਗਾਲ ਦੇ ਨੌਜਵਾਨਾਂ ਨੂੰ ਵੰਗਾਰ ਦਿੱਤੀ।
5. ਉਚੇਰੀ ਸਿੱਖਿਆ ਲਈ ਉਹ 1919 ਈ: ਵਿੱਚ ਇੰਗਲੈਂਡ ਚਲਾ ਗਿਆ।

### ਰਚਨਾਤਮਿਕ ਕਾਰਜ

ਕਿਸੇ ਹੋਰ ਦੇਸ-ਭਗਤ ਬਾਰੇ ਵੀ ਆਪਣੇ ਸ਼ਬਦਾਂ ਵਿੱਚ 10 ਸਤਰਾਂ ਲਿਖੋ।

* * *

ਪਾਠ 17

# ਜਾਵਾਂ ਰੋਜ਼ ਸਕੂਲ ਨੂੰ



ਜਾਵਾਂ ਰੋਜ਼ ਸਕੂਲ ਨੂੰ, ਮੈਂ ਬਸਤਾ ਫੜ ਕੇ।
ਸੇਵਾ ਕਰਨੀ ਦੇਸ ਦੀ, ਮੈਂ ਵਿੱਦਿਆ ਪੜ੍ਹ ਕੇ।
ਸਭ ਤੋਂ ਪਹਿਲਾਂ ਉੱਠ ਕੇ, ਮੈਂ ਰੋਜ਼ ਨਹਾਵਾਂ।
ਲੇਟ ਕਦੇ ਨਾ ਹੋਂਵਦਾ, ਨਿੱਤ ਉੱਠਾਂ ਤੜਕੇ,
ਉਸ ਤੋਂ ਪਿੱਛੋਂ ਆਪਣੀ, ਮੈਂ ਵਰਦੀ ਪਾਵਾਂ।
ਜਾਵਾਂ ਰੋਜ਼ ਸਕੂਲ........................।

ਸਾਰਾ ਕੰਮ ਸਕੂਲ ਦਾ, ਵੀ ਕਰਕੇ ਜਾਵਾਂ।
ਮਿੱਠਾ-ਮਿੱਠਾ ਬੋਲ ਕੇ, ਮੈਂ ਮਹਿਕ ਖਿੰਡਾਵਾਂ।
ਸਭ ਨੂੰ ਕਰਾਂ ਪਿਆਰ, ਮੈਂ ਕੀ ਲੈਣਾ ਲੜ ਕੇ।
ਜਾਵਾਂ ਰੋਜ਼ ਸਕੂਲ......................।

ਜਿੱਥੇ ਹੋਵੇ ਬੈਠਣਾ, ਮੈਂ ਕਰਾਂ ਸਫ਼ਾਈ।
ਸੋਹਣੀ-ਸੋਹਣੀ ਕਾਪੀਆਂ 'ਤੇ ਕਰਾਂ ਲਿਖਾਈ।
ਮੋਤੀ ਵਾਂਗੂੰ ਅੱਖਰਾਂ, ਨੂੰ ਲਿਖਾਂ ਮੈਂ ਜੜ ਕੇ।
ਜਾਵਾਂ ਰੋਜ਼ ਸਕੂਲ...........................।

ਸਾਨੂੰ ਇਹ ਅਧਿਆਪਕਾਂ, ਨੇ ਗੱਲ ਸਿਖਾਈ।
ਮਿਹਨਤ ਨੇ ਹੀ ਜ਼ਿੰਦਗੀ, ਹੈ ਸਫ਼ਲ ਬਣਾਈ।
ਮਿਹਨਤੀ ਬੰਦਾ ਬੈਠਦਾ, ਹੈ ਕੁਰਸੀ ਚੜ੍ਹ ਕੇ।
ਜਾਵਾਂ ਰੋਜ਼ ਸਕੂਲ ਨੂੰ, ਮੈਂ ਬਸਤਾ ਫੜ ਕੇ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਬੱਚਾ ਕੀ ਕੰਮ ਕਰਦਾ ਹੈ?

(ਅ) ਵਿੱਦਿਆ ਪੜ੍ਹ ਕੇ ਅਸੀਂ ਕੀ ਕਰਨਾ ਹੈ?

(ੲ) ਸਫਲ ਹੋਣ ਲਈ ਕੀ ਕਰਨਾ ਪੈਂਦਾ ਹੈ?

(ਸ) ਬੱਚਾ ਸਕੂਲ ਨੂੰ ਕੀ ਲੈ ਕੇ ਜਾਂਦਾ ਹੈ?

**2. ਕਾਵਿ-ਸਤਰਾਂ ਪੂਰੀਆਂ ਕਰੋ :**

(ੳ) ਜਿੱਥੇ ਹੋਵੇ ਬੈਠਣਾ, ਮੈਂ ਕਰਾਂ ਸਫ਼ਾਈ।

..............................।

(ਅ) ਸਾਨੂੰ ਇਹ ਅਧਿਆਪਕਾਂ, ਨੇ ਗੱਲ ਸਿਖਾਈ।

.......................................।

**3. ਸਹੀ ਵਿਕਲਪ ਚੁਣੋ:**

(ੳ) ਦੇਸ ਦੀ ਸੇਵਾ ਲਈ ਕਿਹੜਾ ਕੰਮ ਜ਼ਰੂਰੀ ਹੈ?

(ਕ) ਵਿਹਲੇ ਬੈਠਣਾ (ਖ) ਪੜ੍ਹਨਾ (ਗ) ਲੜਨਾ

(ਅ) ਸਾਨੂੰ ਬੋਲਣਾ ਚਾਹੀਦਾ ਹੈ।

(ਕ) ਕੌੜਾ (ਖ) ਫਿੱਕਾ (ਗ) ਮਿੱਠਾ

(ੲ) ਕੁਰਸੀ ’ਤੇ ਬੈਠਦਾ ਹੈ:

(ਕ) ਮਿਹਨਤੀ (ਖ) ਵਿਹਲੜ (ਗ) ਕੰਮਚੋਰ

(ਸ) ਕਾਪੀ ’ਤੇ ਲਿਖਣਾ ਚਾਹੀਦਾ ਹੈ:

(ਕ) ਕਾਹਲ਼ੀ-ਕਾਹਲ਼ੀ (ਖ) ਸੋਹਣਾ-ਸੋਹਣਾ (ਗ) ਛੇਤੀ-ਛੇਤੀ

(ਹ) ਅਸੀਂ ਸਕੂਲ ਜਾਂਦੇ ਹਾਂ:

(ਕ) ਨਵੇਂ ਕੱਪੜੇ ਪਾ ਕੇ (ਖ) ਵਰਦੀ ਪਾ ਕੇ (ਗ) ਰੰਗ-ਬਰੰਗੇ ਕੱਪੜੇ ਪਾ ਕੇ

**4. ਵਾਕ ਬਣਾਓ:**

ਬਸਤਾ, ਵਰਦੀ, ਮਹਿਕ, ਮਿਹਨਤ, ਜ਼ਿੰਦਗੀ; ਫੜ ਕੇ

**5. ਇੱਕੋ-ਜਿਹੇ ਤੁਕਾਂਤ ਵਾਲ਼ੇ ਹੋਰ ਸ਼ਬਦ-ਜੋੜੇ ਚੁਣੋ:**

ਨਹਾਵਾਂ ..........

ਜਾਵਾਂ .........

ਸਫ਼ਾਈ .........

ਸਿਖਾਈ .........

ਫੜ ਕੇ ..........

**6. ਸਹੀ ਮਿਲਾਣ ਕਰੋ:**

ਨਾਂਵ - ਖੇਡਣਾ

ਪੜਨਾਂਵ - ਮਿੱਠਾ ਬੋਲਣਾ

ਵਿਸ਼ੇਸ਼ਣ - ਅਧਿਆਪਕ

ਕਿਰਿਆ - ਉਹ

ਕਿਰਿਆ-ਵਿਸ਼ੇਸ਼ਣ - ਸੋਹਣਾ

**ਰਚਨਾਤਮਿਕ ਕਾਰਜ**

(ੳ) ਆਪਣੇ ਸਕੂਲ ਬਾਰੇ 10 ਸਤਰਾਂ ਲਿਖੋ।

(ਅ) ਚੰਗੇ ਬੱਚੇ ਦੀਆਂ 5 ਆਦਤਾਂ ਲਿਖੋ।

* * *

ਪਾਠ
18

# ਨਕਲ ਕਰੋ ਪਰ ਕੀਹਦੀ?

ਮੁੱਖ ਅਧਿਆਪਕ ਜੀ ਨੇ ਸਾਲ ਦੇ ਪਹਿਲੇ ਹੀ ਦਿਨ ਸਵੇਰ ਦੀ ਸਭਾ ਵਿੱਚ ਕਿਹਾ,"ਮੈਂ ਤੁਹਾਨੂੰ ਪੰਜ ਉਦਾਹਰਨਾਂ ਦਿੰਦਾ ਹਾਂ ਧਿਆਨ ਨਾਲ਼ ਸੁਣਨਾ, ਫਿਰ ਆਪਣੀ ਗੱਲ ਦੱਸਾਂਗਾ।"

**ਪਹਿਲੀ:**

"ਤੂੰ ਏਨੇ ਸੋਹਣੇ ਫੁਲਕੇ ਕਿਵੇਂ ਲਾਹ ਲੈਂਦੀ ਏਂ? ਗੋਲ਼-ਗੋਲ਼ ਜਿਵੇਂ ਡ੍ਰਾਇੰਗ ਦੀ ਪ੍ਰਕਾਰ ਨਾਲ਼ ਬਣਾਏ ਹੋਣ। ਪਤਲੇ-ਪਤਲੇ, ਨਾ ਕਿਤੇ ਆਟਾ ਬਹੁਤਾ ਤੇ ਨਾ ਘੱਟ। ਨਾ ਕਿਤੋਂ ਕੱਚੇ ਤੇ ਨਾ ਬਹੁਤੇ ਰੜ੍ਹੇ ਹੋਏ। ਕਿਵੇਂ ਸਿੱਖੇ ਤੂੰ?" ਪ੍ਰਕਾਸ਼ ਦੇ ਬਣਾਏ ਖਾਣੇ ਦੀ ਸਿਫ਼ਤ ਹੋ ਰਹੀ ਸੀ।

ਉਸ ਕਿਹਾ, " ਪਹਿਲਾਂ ਆਪਣੀ ਦਾਦੀ ਜੀ ਤੇ ਫਿਰ ਮਾਂ ਜੀ ਨੂੰ ਫੁਲਕੇ ਬਣਾਉਂਦਿਆਂ ਵੇਖ ਕੇ।"

"ਉਹਨਾਂ ਦੀ ਨਕਲ ਕਰ ਕੇ?" ਕਿਸੇ ਨੇ ਵਿੱਚੋਂ ਪੁੱਛਿਆ।

"ਆਹੋ, ਨਕਲ ਕਰ ਕੇ ਤੇ ਨਾਲ਼ੇ ਅਕਲ ਵਰਤ ਕੇ। ਮੈਂ ਵੇਖਦੀ, ਉਹ ਪੇੜਾ ਛੋਟਾ ਰੱਖਦੇ। ਫਿਰ ਸਹਿਜ ਨਾਲ਼ ਵੇਲਦੇ। ਚੁੱਲ੍ਹੇ ਦੀ ਅੱਗ ਮੱਠੀ ਰੱਖਦੇ ਹਨ। ਹੁਣ ਤਾਂ ਮੇਰੀ ਮਾਂ ਕਹਿੰਦੀ ਹੈ ਕਿ ਮੈਂ ਉਸ ਤੋਂ ਵੀ ਚੰਗੀ ਰੋਟੀ ਬਣਾ ਲੈਂਦੀ ਹਾਂ।"



"ਠੀਕ ਹੈ ਭਾਈ, ਇੰਞ ਹੀ ਸਿੱਖੀਦੈ। ਦੂਜਿਆਂ ਨੂੰ ਕੰਮ ਕਰਦਿਆਂ ਨੀਝ ਨਾਲ਼ ਤੱਕਣਾ ਤੇ ਫਿਰ ਰੀਝ ਨਾਲ਼ ਆਪ ਕਰਨਾ। ਸ਼ਾਬਾਸ਼ੇ ਤੇਰੇ!"

"ਇਹ ਸਿਖਲਾਈ-ਕੇਂਦਰ ਤਾਂ ਹੁਣ ਖੁੱਲ੍ਹੇ ਹਨ। ਪਹਿਲਾਂ ਦੂਜਿਆਂ ਨੂੰ ਚੰਗਾ ਕੰਮ ਕਰਦਿਆਂ ਵੇਖ ਕੇ, ਜਾਣੋ ਉਹਨਾਂ ਦੀ ਨਕਲ ਕਰਦਿਆਂ-ਕਰਦਿਆਂ ਸਿੱਖਿਆ ਜਾਂਦਾ ਸੀ। ਪਿਤਾ ਕੋਲ਼ੋਂ ਪੁੱਤ, ਮਾਂ ਕੋਲ਼ੋਂ ਧੀ, ਉਸਤਾਦ ਕੋਲ਼ੋਂ ਸਿਖਾਂਦਰੂ।" ਇਹ ਕਿਸੇ ਸਿਆਣੀ ਦੇ ਬੋਲ ਸਨ।

**ਦੂਜੀ:**

ਕਵੀਸ਼ਰੀ-ਗਾਇਨ ਮੁਕਾਬਲੇ ਵਿੱਚ ਗੀਤਇੰਦਰ ਦੀ ਟੀਮ ਫ਼ਸਟ ਆਈ। ਗੀਤਇੰਦਰ ਨੂੰ ਪੁੱਛਿਆ ਗਿਆ,"ਤੂੰ ਕਿੱਥੋਂ ਸਿੱਖੇ, ਕਵੀਸ਼ਰੀ ਦੇ ਗੁਰ?"

ਉਸ ਨੇ ਆਖਿਆ,"ਮੈਂ ਉੱਘੇ ਕਵੀਸ਼ਰਾਂ ਨੂੰ ਸੁਣਦੀ ਰਹਿੰਦੀ ਹਾਂ। ਭਾਵੇਂ ਇਹ ਪ੍ਰੋਗ੍ਰਾਮ ਟੀ.ਵੀ. ਉੱਤੇ ਹੋਵੇ, ਰੇਡੀਓ ਉੱਤੇ ਜਾਂ ਕਿਸੇ ਦਿਵਾਨ ਵਿੱਚ। ਉਹ ਸਟੇਜ ਉੱਤੇ ਕਿਵੇਂ ਭਰੋਸੇ ਨਾਲ਼ ਖਲੋਂਦੇ ਹਨ, ਕਿਵੇਂ ਆਪਸੀ ਤਾਲ-ਮੇਲ ਰੱਖਦੇ ਹਨ। ਉਹਨਾਂ ਦੀ ਅਵਾਜ਼ ਦੀ ਤਾਕਤ ਅਤੇ ਇਸ ਉੱਤੇ ਲੁੜੀਂਦਾ ਕਾਬੂ। ਇਹੋ-ਜਿਹੀਆਂ ਕਿੰਨੀਆਂ ਹੀ ਗੱਲਾਂ ਮੈਂ ਪੱਲੇ ਬੰਨ੍ਹ ਲੈਂਦੀ ਹਾਂ। ਮੇਰਾ ਮਤਲਬ ਹੈ, ਮੈਂ ਉਹਨਾਂ ਦੇ ਹੁਨਰ ਨੂੰ ਗ੍ਰਹਿਣ ਕਰਨ ਦਾ ਜਤਨ ਕਰਦੀ ਹਾਂ। ਉਹ ਮੇਰੇ ਸਾਹਮਣੇ ਕਵੀਸ਼ਰੀ ਦੇ ਨਮੂਨੇ ਹੁੰਦੇ ਹਨ। ਉਹਨਾਂ ਦੀ ਨਕਲ ਕਰਨਾ ਮੈਨੂੰ ਚੰਗਾ ਲੱਗਦਾ ਹੈ। ਫਿਰ ਸਾਡੀ ਟੀਮ ਵਿੱਚ ਕਵੀਸ਼ਰੀ ਦਾ ਆਪਣਾ ਰੰਗ ਉੱਭਰਦਾ ਹੈ।"

ਇਹ ਸੁਣ, ਸਾਰਿਆਂ ਨੇ ਤਾੜੀਆਂ ਮਾਰੀਆਂ।

**ਤੀਜੀ :**

ਕਿਸੇ ਲੇਖਕ ਨੇ ਕਿਹਾ ਕਿ ਮੇਰੀ ਰੀਝ ਚੰਗੇ ਤੋਂ ਚੰਗਾ ਲਿਖ ਸਕਣ ਦੀ ਸੀ। ਸੋ, ਮੈਂ ਚੰਗੇ ਤੋਂ ਚੰਗੇ ਲੇਖਕਾਂ ਦੀਆਂ ਕਿਤਾਬਾਂ ਪੜ੍ਹਦਾ। ਧਿਆਨ ਕਰਦਾ ਕਿ ਉਹ ਏਨਾ ਚੰਗਾ ਕਿਵੇਂ ਲਿਖਦੇ ਹਨ? ਕਿਸੇ ਕੋਲ਼ ਸ਼ਬਦ-ਭੰਡਾਰ ਬਹੁਤ ਸੀ। ਕਿਸੇ ਨੂੰ ਗੱਲ ਕਰਨ ਦੀ ਅਨੋਖੀ ਜਾਚ ਸੀ। ਕਈਆਂ ਦੇ ਵਿਚਾਰ ਨਵੇਂ ਹੁੰਦੇ। ਮੈਂ ਉਹਨਾਂ ਦੀ ਰੀਸ ਭਾਵ ਨਕਲ ਕਰਨ ਦਾ ਜਤਨ ਕਰਦਾ। ਜਦੋਂ ਮੈਂ ਆਪ ਲਿਖਣ ਲੱਗਦਾ ਤਾਂ ਉਹ ਬਿਲਕੁਲ ਵੱਖਰਾ ਤੇ ਸੋਹਣਾ ਹੁੰਦਾ ਪਰ ਇਹ ਮਹਾਨ ਲੇਖਕਾਂ ਦੀਆਂ ਉਹਨਾਂ ਚੰਗੀਆਂ ਪੁਸਤਕਾਂ ਦੀ ਸੰਗਤ ਕਰਕੇ ਹੀ ਹੁੰਦਾ।

**ਚੌਥੀ:**

ਮੇਰੀ ਲਿਖਾਈ ਪਹਿਲਾਂ ਸੋਹਣੀ ਨਹੀਂ ਸੀ ਹੁੰਦੀ। ਫਿਰ ਮੈਂ ਸੋਹਣੀ ਲਿਖਾਈ ਦੇ ਨਮੂਨੇ ਵੇਖਦਾ। ਕਿਸੇ ਅੱਖਰ ਨੂੰ ਉਵੇਂ ਪਾਉਣ ਦਾ ਮੈਂ ਜਤਨ ਕਰਦਾ , ਜਿਵੇਂ ਸੋਹਣਾ ਲਿਖਣ ਵਾਲ਼ੇ ਨੇ ਪਾਇਆ ਹੁੰਦਾ। ਇਸ ਤਰ੍ਹਾਂ ਮੇਰੀ ਲਿਖਾਈ ਸੁੰਦਰ ਹੋਣ ਲੱਗੀ। ਫਿਰ ਤਾਂ ਤੇਜ਼ ਲਿਖਦਿਆਂ ਵੀ ਮੇਰੀ ਲਿਖਾਈ ਸੋਹਣੀ ਹੋਣ ਲੱਗੀ। ਹੁਣ ਤਾਂ ਮੈਨੂੰ ਆਪ ਲਿਖਦਿਆਂ ਡਾਢੀ ਖ਼ੁਸ਼ੀ ਮਿਲ਼ਦੀ ਹੈ। ਮੇਰੇ ਲਿਖੇ ਨੂੰ ਵੇਖ ਕੇ ਹਰ ਕੋਈ ਪ੍ਰਸੰਨ ਹੁੰਦਾ ਹੈ।

**ਪੰਜਵੀਂ :**

ਸੰਸਾਰ-ਪ੍ਰਸਿੱਧ ਭਲਵਾਨ ਕਰਤਾਰ ਸਿੰਘ ਦੀ ਜੀਵਨੀ, ਮੈਂ ਪਿੱਛੇ ਜਿਹੇ ਪੜ੍ਹੀ। ਉਸ ਵਿੱਚ ਕਰਤਾਰ ਸਿੰਘ ਨੇ ਇੱਕ ਬੜੇ ਪਤੇ ਦੀ ਗੱਲ ਆਖੀ। ਉਸ ਨੇ ਕਿਹਾ, "ਅਸਲ 'ਚ ਮੈਂ ਹਰ ਥਾਂ ਤੋਂ, ਹਰ ਭਲਵਾਨ ਤੋਂ ਹਰ ਵੇਲ਼ੇ ਕੁਝ ਨਾ ਕੁਝ ਸਿੱਖਣ ਵੱਲ ਧਿਆਨ ਦੇਂਦਾ ਆਇਆ ਹਾਂ। ਜਿਸ ਤੋਂ ਵੀ ਮੈਂ ਕੁਝ ਸਿੱਖਿਆ ਹੈ, ਉਹ ਹੀ ਮੇਰਾ ਗੁਰੂ ਹੈ।" ਇਹ ਜੀਵਨੀ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਲਿਖੀ ਹੈ। ਸੰਧੂ ਦੀ ਲਿਖਣ-ਕਲਾ ਵੀ ਕਮਾਲ ਦੀ ਹੈ, ਰੀਸ ਕਰਨ ਵਾਲ਼ੀ, ਨਕਲ ਕਰਨ ਵਾਲ਼ੀ,ਜਦੋਂ ਮੌਕਾ ਮਿਲ਼ੇ ਕੋਈ ਪੜ੍ਹੇ, ਇਸ ਨੂੰ।

ਮੁੱਖ ਅਧਿਆਪਕ ਜੀ ਇਹ ਉਦਾਹਰਨਾਂ ਦੇ ਕੇ ਕੁਝ ਚਿਰ ਲਈ ਚੁੱਪ ਰਹੇ। ਫਿਰ ਕਹਿਣ ਲੱਗੇ ਕਿ ਕੋਈ ਵਿਦਿਆਰਥੀ ਦੱਸੇ ਕਿ ਇਹਨਾਂ ਉਦਾਹਰਨਾਂ ਤੋਂ ਕੀ ਸਾਬਤ ਹੁੰਦਾ ਹੈ?

ਦਸਵੀਂ ਜਮਾਤ ਦੇ ਹਰਤੀਰਥ ਨੇ ਹੱਥ ਖੜ੍ਹਾ ਕੀਤਾ। ਉਹ ਬਹੁਤ ਸਮਝਦਾਰ ਵਿਦਿਆਰਥੀ ਸੀ। ਉਸ ਨੇ ਕਿਹਾ, "ਜੀ, ਇਹੋ ਕਿ ਹਮੇਸ਼ਾਂ ਚੰਗੀਆਂ ਗੱਲਾਂ ਦੀ ਨਕਲ ਕਰੋ। ਚੰਗੇ ਬੰਦਿਆਂ ਦੀ ਨਕਲ ਕਰੋ। ਅਜਿਹੀ ਨਕਲ ਕਰਨੀ ਮਾੜੀ ਨਹੀਂ, ਸਗੋਂ ਚੰਗੀ ਹੈ।"

"ਸ਼ਾਬਾਸ਼! ਹਰਤੀਰਥ! ਤੂੰ ਠੀਕ ਕਿਹਾ ਹੈ। ਪਰੀਖਿਆ ਵਿੱਚ ਨਕਲ ਕਰਨੀ ਠੀਕ ਨਹੀਂ। ਇਮਤਿਹਾਨ ਦੇਣ ਵੇਲ਼ੇ ਮਿਲ਼ਿਆ ਵਕਤ ਆਪਣੀ ਅਕਲ ਵਰਤਣ ਲਈ ਹੁੰਦਾ ਹੈ— ਚਿੱਤ ਇਕਾਗਰ ਕਰ ਕੇ ਜੋ ਪ੍ਰਸ਼ਨ ਪੁੱਛਿਆ ਗਿਆ ਹੈ, ਉਸ ਦਾ ਸਹੀ ਉੱਤਰ ਲਿਖਣ ਦਾ ਜਤਨ ਕਰਨਾ। ਇੱਧਰ-ਉੱਧਰ ਝਾਕਣ ਨਾਲ਼ ਜੋ ਆਪ ਪੜ੍ਹਿਆ ਹੁੰਦਾ ਹੈ, ਉਹ ਵੀ ਭੁੱਲਣ ਲੱਗਦਾ ਹੈ।"

ਫਿਰ ਮੁੱਖ ਅਧਿਆਪਕ ਜੀ ਨੇ ਕਿਹਾ," ਅੱਜ ਪੜ੍ਹਾਈ ਦੇ ਸਾਲ ਦਾ ਪਹਿਲਾ ਦਿਨ ਹੈ। ਸਭ ਨੇ ਖ਼ੂਬ ਮਿਹਨਤ ਕਰਨੀ ਹੈ। ਇਮਤਿਹਾਨ ਵਿੱਚ ਨਕਲ ਕਰਨ ਬਾਰੇ ਸੋਚਣਾ ਵੀ ਨਹੀਂ ਹੈ। ਫਿਰ ਤੁਹਾਡੇ ਜਿਹਾ ਕੋਈ ਨਹੀਂ ਹੋਵੇਗਾ। ਸਾਡਾ ਸਕੂਲ ਹੋਰ ਸਕੂਲਾਂ ਲਈ ਇੱਕ ਮਿਸਾਲ ਬਣੇਗਾ।"

ਫਿਰ ਕਿੰਨੀ ਦੇਰ ਤਾੜੀਆਂ ਨਾਲ਼ ਸਵੇਰ ਦੀ ਸਭਾ ਗੂੰਜਦੀ ਰਹੀ।

## ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ:

1. ਮੁੱਖ ਅਧਿਆਪਕ ਜੀ ਨੇ ਸਵੇਰ ਦੀ ਸਭਾ ਵਿੱਚ ਕਿੰਨੀਆਂ ਉਦਾਹਰਨਾਂ ਦਿੱਤੀਆਂ?
   (ੳ) ਇੱਕ (ਅ) ਤਿੰਨ (ੲ) ਪੰਜ
2. ਪਹਿਲਾਂ ਪ੍ਰਕਾਸ਼ ਨੇ ਸੋਹਣੇ ਫੁਲਕੇ ਬਣਾਉਂਦਿਆਂ ਕਿਸ ਨੂੰ ਦੇਖਿਆ?
   (ੳ) ਮਾਮੀ ਨੂੰ (ਅ) ਦਾਦੀ ਨੂੰ (ੲ) ਗੀਤਇੰਦਰ ਨੂੰ।
3. ਚੰਗੇ ਕਵੀਸ਼ਰਾਂ ਦੀ ਕਿਹੜੀ ਗੱਲ ਚੰਗੀ ਲੱਗਦੀ ਸੀ?
   (ੳ) ਉਹਨਾਂ ਨੂੰ ਸੁਣਨਾ (ਅ) ਦੇਖਣਾ (ੲ) ਉਹਨਾਂ ਦੀ ਨਕਲ ਕਰਨਾ।
4. ਸੰਸਾਰ-ਪ੍ਰਸਿੱਧ ਭਲਵਾਨ ਕਿਹੜਾ ਸੀ?
   (ੳ) ਵਰਿਆਮ ਸਿੰਘ ਸੰਧੂ (ਅ) ਕਰਤਾਰ ਸਿੰਘ (ੲ) ਹਰਤੀਰਥ।
5. ਮੁੱਖ ਅਧਿਆਪਕ ਜੀ ਨੇ ਵਿਦਿਆਰਥੀਆਂ ਨੂੰ ਕਿਸ ਗੱਲ ਤੋਂ ਵਰਜਿਆ?
   (ੳ) ਇੱਧਰ-ਉੱਧਰ ਝਾਕਣ ਤੋਂ (ਅ) ਇਮਤਿਹਾਨ ਦੇਣ ਤੋਂ (ੲ) ਨਕਲ ਕਰਨ ਤੋਂ।

### 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ:-

1. ਗੀਤਇੰਦਰ ਨੇ ਕਵੀਸ਼ਰੀ ਦੇ ਗੁਣ ਕਿੱਥੋਂ ਸਿੱਖੇ ਸਨ?
2. ਉਦਾਹਰਨ ਨੰਬਰ ਤਿੰਨ ਵਿੱਚ ਲੇਖਕ ਦੀ ਕੀ ਰੁਚੀ ਸੀ?
3. ਸੰਸਾਰ-ਪ੍ਰਸਿੱਧ ਭਲਵਾਨ ਦਾ ਕੀ ਨਾਂ ਸੀ?
4. ਕਰਤਾਰ ਸਿੰਘ ਦੀ ਜੀਵਨੀ ਕਿਸ ਕਹਾਣੀਕਾਰ ਨੇ ਲਿਖੀ ਹੈ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

1. ਅਸੀਂ ਕੰਮ ਕਰਨਾ ਕਿਵੇਂ ਸਿੱਖ ਸਕਦੇ ਹਾਂ?
2. ਗੀਤਇੰਦਰ ਦੀ ਟੀਮ ਫ਼ਸਟ ਆਉਣ ਦਾ ਕੀ ਕਾਰਨ ਸੀ?
3. ਲੇਖਕ ਨੇ ਆਪਣੀ ਲਿਖਾਈ ਕਿਵੇਂ ਸੁੰਦਰ ਬਣਾਈ ਸੀ?
4. ਵਰਿਆਮ ਸਿੰਘ ਸੰਧੂ ਦੀ ਲਿਖਣ ਦੀ ਕਲਾ ਕਿਹੋ-ਜਿਹੀ ਸੀ?
5. ਮੁੱਖ ਅਧਿਆਪਕ ਜੀ ਦੀ ਕਿਹੜੀ ਗੱਲ 'ਤੇ ਸਵੇਰ ਦੀ ਸਭਾ ਤਾੜੀਆਂ ਨਾਲ਼ ਗੂੰਜ ਉੱਠੀ?

## 4. ਵਾਕਾਂ ਵਿੱਚ ਵਰਤੋ:

ਨੀਝ ਨਾਲ਼ ਤੱਕਣਾ, ਸਿਖਾਂਦਰੂ, ਤਾਲ-ਮੇਲ, ਰੀਸ, ਮਿਹਨਤ,

## 5 ਖ਼ਾਲੀ ਥਾਂਵਾਂ ਭਰੋ:

ਨੀਝ ਨਾਲ਼, ਹੁਨਰ, ਸੰਗਤ, ਸੁੰਦਰ, ਕਮਾਲ।

1. ਮੈਂ ਆਪਣੀ ਦਾਦੀ ਨੂੰ ਕੰਮ ਕਰਦੀ ਨੂੰ ................ਦੇਖਦੀ ਰਹਿੰਦੀ।
2. ਚੰਗੇ ਲੋਕਾਂ ਦੇ ....................ਨੂੰ ਗ੍ਰਹਿਣ ਕਰਨਾ ਚਾਹੀਦਾ ਹੈ।
3. ਚੰਗੀਆਂ ਪੁਸਤਕਾਂ ਦੀ ...............ਕਰੋ।
4. ਮੇਰੀ ਲਿਖਾਈ ਬਹੁਤ .....................ਹੈ।
5. ਲੇਖਕ ਦੀ ਲਿਖਣ- ਕਲਾ ਬਹੁਤ ...................ਦੀ ਸੀ।

## 6 ਹੇਠਾਂ ਦਿੱਤੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਟੀਮ | ........... | ........... |
| ਸੁੰਦਰ | ........... | ........... |
| ਕਵੀ | ........... | ........... |
| ਅਧਿਆਪਕ | ........... | ........... |
| ਵਿਦਿਆਰਥੀ | ........... | ........... |
| ਸਕੂਲ | ........... | ........... |

## 7 ਵਿਰੋਧੀ ਸ਼ਬਦ :

ਉਸਤਾਦ, ਸਵਰਗ, ਸੁੰਦਰ, ਸਫਲ, ਲਾਇਕ

8 ਇਕਵਚਨ / ਬਹੁਵਚਨ ਬਣਾਓ :

ਕਵੀ, ਵਿਦਿਆਰਥੀ, ਲੜਕੀ, ਮਾਪੇ, ਤਾੜੀ

**ਅਧਿਆਪਕ ਲਈ**

ਅਧਿਆਪਕ ਵਿਦਿਆਰਥੀਆਂ ਨੂੰ ਸੁੰਦਰ ਲਿਖਣ ਦਾ ਅਭਿਆਸ ਕਰਵਾਏਗਾ।

* * *

ਪਾਠ 19



# ਭਾਰਤ ਦਾ ਲਾਲ



**ਪਾਤਰ**

ਰਣਬੀਰ : ਬੱਚਿਆਂ ਦੀ ਮਾਂ
ਸ਼ਮਸ਼ੇਰ : ਰਣਬੀਰ ਦਾ ਪੁੱਤਰ
ਨਿਰਮਲ : ਰਣਬੀਰ ਦੀ ਧੀ
ਮਾਮਾ : ਚੋਰ
ਥਾਣੇਦਾਰ :
ਸਿਪਾਹੀ :
ਸਮਾਂ :
ਵਕਤ : ਸਵੇਰ ਵੇਲ਼ਾ
ਦ੍ਰਿਸ਼ : ਦਿੱਲੀ ਸ਼ਹਿਰ ਦੀ ਇੱਕ ਗਲ਼ੀ ਵਿੱਚ ਸਧਾਰਨ ਮਕਾਨ ਦਾ ਇੱਕ ਕਮਰਾ ਜਿਸ ਦਾ ਬੂਹਾ ਗਲ਼ੀ ਵਿੱਚ ਖੁੱਲ੍ਹਦਾ ਹੈ। ਪਿਛਲੇ ਕਮਰੇ ਦਾ ਕੇਵਲ ਦਰਵਾਜ਼ਾ ਹੀ ਦਿਖਾਈ ਦਿੰਦਾ ਹੈ।

ਪਰਦਾ ਉੱਠਣ ਸਮੇਂ ਪੈਂਤੀ ਕੁ ਸਾਲਾਂ ਦੀ ਇੱਕ ਗੰਭੀਰ ਤੇ ਪ੍ਰਭਾਵਸ਼ਾਲੀ ਇਸਤਰੀ ਰਣਬੀਰ ਅੰਗੀਠੀ ਉੱਤੇ ਪਈ ਇੱਕ ਫੋਟੋ ਨੂੰ ਆਪਣੇ ਸਫ਼ੈਦ ਦੁਪੱਟੇ ਨਾਲ਼ ਪੂੰਝ-ਸੁਆਰ ਕੇ ਆਦਰ ਨਾਲ਼ ਰੱਖਦੀ ਹੈ। ਪੰਦਰ੍ਹਾਂ ਕੁ ਸਾਲਾਂ ਦਾ ਉਸ ਦਾ ਪੁੱਤਰ ਸ਼ਮਸ਼ੇਰ ਅਤੇ ਸੱਤਾਂ ਵਰ੍ਹਿਆਂ ਦੀ ਧੀ, ਨਿਰਮਲ ਸਤਿਕਾਰ ਨਾਲ਼ ਸਿਰ ਝੁਕਾਉਂਦੇ ਹਨ। ਫੋਟੋ ਇੱਕ ਫ਼ੌਜੀ ਅਫ਼ਸਰ ਦੀ ਹੈ।

ਰਣਬੀਰ : ਸ਼ੇਰੇ ! ਤੂੰ ਧੂਪ ਧੁਖਾ, ਮੈਂ ਫੁੱਲਾਂ ਦਾ ਹਾਰ ਲੈ ਕੇ ਹੁਣੇ ਆਈ।
ਸ਼ਮਸ਼ੇਰ : ਮਾਤਾ ਜੀ, ਹਾਰ ਮੈਂ ਨੱਸ ਕੇ ਲੈ ਆਉਂਦਾ ਹਾਂ, ਤੁਸੀਂ ਕਿੱਥੇ ਐਨੀ ਦੂਰ ਜਾਓਗੇ?
ਰਣਬੀਰ : ਨਹੀਂ, ਮੈਂ ਹੀ ਜਾਂਦੀ ਹਾਂ। ਨਾਲ਼ੇ ਗੁਰਦੁਆਰੇ ਮੱਥਾ ਟੇਕ ਆਵਾਂਗੀ, ਹੁਣੇ ਆਈ। ਸ਼ੇਰੇ ! ਘਰ ਦਾ ਧਿਆਨ ਰੱਖੀਂ। ਕੁੰਡਾ ਲਾ ਲੈ। (ਬਾਹਰ ਵੱਲ ਝਾਕਦੀ ਹੋਈ) ਗਲ਼ੀ ਸੁੰਨ-ਮਸੁੰਨੀ ਪਈ ਏ। ਖ਼ਬਰੇ ਸਾਰੇ 26 ਜਨਵਰੀ ਦੇ ਜਸ਼ਨ ਦੇਖਣ ਚਲੇ ਗਏ।
ਨਿਰਮਲ : ਮਾਤਾ ਜੀ, ਅਸੀਂ ਵੀ ਝਾਕੀਆਂ ਦੇਖਣੀਆਂ ਨੇ।
ਸ਼ਮਸ਼ੇਰ : ਪਿਛਲੇ ਸਾਲ ਵਾਂਗ ਜੇ ਗੁੰਮ ਹੋ ਗਏ, ਫੇਰ?
ਰਣਬੀਰ : ਸ਼ਾਮ ਨੂੰ ਜ਼ਰੂਰ ਚੱਲਾਂਗੇ। ਨਾਲ਼ੇ ਰੋਸ਼ਨੀ ਦੇਖਾਂਗੇ, ਸ਼ੇਰੇ ! ਧਿਆਨ ਰੱਖੀਂ। ਤੈਨੂੰ ਦੁਬਾਰਾ ਚੇਤਾ ਕਰਾਂਦੀ ਹਾਂ ਕਿ ਕੁੰਡੀ ਲਾ ਲਈਂ।
ਸ਼ਮਸ਼ੇਰ : ਮਾਤਾ ਜੀ, ਫ਼ਿਕਰ ਨਾ ਕਰੋ, ਏਥੇ ਕੋਈ ਚੋਰ ਨਹੀਂ ਆਉਂਦਾ।
ਨਿਰਮਲ : ਵੀਰ, ਚੋਰ ਕਿੱਦਾਂ ਦੇ ਹੁੰਦੇ ਨੇ?
ਸ਼ਮਸ਼ੇਰ : (ਸ਼ਰਾਰਤ ਨਾਲ਼ ਮੁਸਕਰਾਉਂਦਾ ਹੋਇਆਂ) ਚੋਰ ਦੇ ਦੋ ਸਿੰਗ, ਚੌੜਾ ਮੂੰਹ, ਲਾਲ ਅੱਖਾਂ ਹੁੰਦੀਆਂ ਨੇ।
ਨਿਰਮਲ : ਹਾਏ ! ਮੈਨੂੰ ਤਾਂ ਡਰ ਲੱਗਣ ਲੱਗ ਪਿਆ।

| | | |
|---|---|---|
| ਸ਼ਮਸ਼ੇਰ | : | ਬੜੀ ਡਰਪੋਕ ਏਂ ! ਜੇ ਚੋਰ ਆਇਆ ਤਾਂ ਮੈਂ ਉਹਨੂੰ ਬੰਦੂਕ ਨਾਲ ਉਡਾ ਦੇਊਂ। |
| ਨਿਰਮਲ | : | ਸਿਪਾਹੀ ਇਹਨਾਂ ਚੋਰਾਂ ਨੂੰ ਕਿਉਂ ਨਹੀਂ ਫੜਦੇ ? |
| ਸ਼ਮਸ਼ੇਰ | : | ਸਾਡੇ ਪਿਤਾ ਜੀ ਇਹਨਾਂ ਚੋਰਾਂ, ਡਾਕੂਆਂ ਨੂੰ ਫੜਦੇ ਹੋਏ ਹੀ ਤਾਂ ਕਸ਼ਮੀਰ ਵਿੱਚ ਜ਼ਖ਼ਮੀ ਹੋਏ ਸਨ । |
| ਨਿਰਮਲ | : | (ਭਰੀਆਂ ਅੱਖਾਂ ਨਾਲ਼) ਕਦੋਂ ਆਉਣਗੇ ਪਿਤਾ ਜੀ? |
| ਸ਼ਮਸ਼ੇਰ | : | ਭੋਲ਼ੀ ! ਉਹ ਹੁਣ ਨਹੀਂ ਆਉਣਗੇ। |
| ਨਿਰਮਲ | : | ਹੂੰ ! ਮਾਤਾ ਜੀ ਕਹਿੰਦੇ ਨੇ ਆਉਣ ਵਾਲ਼ੇ ਨੇ, ਹਸਪਤਾਲ ਵਿੱਚ ਨੇ। |
| ਸ਼ਮਸ਼ੇਰ | : | ਤੂੰ ਅਜੇ ਬੱਚੀ ਏਂ, ਤੇਰਾ ਦਿਲ ਰੱਖਣ ਲਈ ਉਹਨਾਂ ਗੱਲ ਬਣਾਈ ਏ। |
| ਨਿਰਮਲ | : | ਝੂਠਾ ! |
| | | (ਇੱਕ ਆਦਮੀ ਅੰਦਰ ਝਾਕਦਾ ਹੈ। ਨਿਰਮਲ ਡਰ ਕੇ ਸ਼ਮਸ਼ੇਰ ਦੇ ਨਾਲ਼ ਲੱਗ ਜਾਂਦੀ ਹੈ।) |
| ਸ਼ਮਸ਼ੇਰ | : | ਕੀ ਗੱਲ ਹੈ, ਸ੍ਰੀਮਾਨ ਜੀ? |
| ਵਿਅਕਤੀ | : | ਬੇਟਾ ! ਤੇਰੀ ਮਾਤਾ ਜੀ ਦਾ ਕਿਆ ਨਾਮ ਹੈ ? |
| ਸ਼ਮਸ਼ੇਰ | : | (ਮਾਣ ਨਾਲ਼) ਸ੍ਰੀਮਤੀ ਰਣਬੀਰ ਕੌਰ। |
| ਵਿਅਕਤੀ | : | ਹੈਂ ! ਰਣਬੀਰ ਕੌਰ ! (ਖੁਸ਼ੀ ਪ੍ਰਗਟ ਕਰਦਾ ਹੋਇਆ) ਤੇਰੇ ਪਿਤਾ ਜੀ ? |
| ਸ਼ਮਸ਼ੇਰ | : | ਸੂਬੇਦਾਰ ਅਰਜਨ ਸਿੰਘ, ਪਿਛਲੇ ਸਾਲ਼ ਕਸ਼ਮੀਰ ਦੀ ਲੜਾਈ ਵਿੱਚ .......... |
| ਵਿਅਕਤੀ | : | (ਸ਼ਮਸ਼ੇਰ ਨੂੰ ਘੁੱਟ ਕੇ ਜੱਫੀ ਵਿੱਚ ਲੈਂਦਾ ਹੋਇਆ) ਬੱਸ- ਬੱਸ, ਮੈਂ ਟਿਕਾਣੇ ਪੁੱਜ ਗਿਆ। ਬੇਟੀ ! ਕਿਉਂ ਡਰਦੀ ਹੈਂ? ਆ ਮੇਰੇ ਕੋਲ਼। ਭੈਣ ਰਣਬੀਰ ਕਿੱਥੇ ਹੈ? |
| ਸਮਸ਼ੇਰ | : | ਕੀ ਤੁਸੀਂ ਸਾਡੇ ਮਾਮਾ ਜੀ ਹੋ? |
| ਨਿਰਮਲ | : | (ਡਰ ਤੋਂ ਰਹਿਤ) ਅੰਕਲ ਜੀ, ਇੱਥੇ ਬੈਠੋ। |
| ਸ਼ਮਸ਼ੇਰ | : | ਮਾਮਾ ਜੀ ! ਤੁਸੀਂ ਕਦੋਂ ਆਏ ਹੋ? |
| ਵਿਅਕਤੀ | : | ਬੇਟਾ ! ਮੈਂ ਅੱਜ ਹੀ ਮਲਾਇਆ ਤੋਂ ਆਇਆ ਹਾਂ। ਬੜੀ ਮੁਸ਼ਕਲ ਨਾਲ਼ ਘਰ ਲੱਭਾ ਹੈ। ਮੈਨੂੰ ਐਨਾ ਹੀ ਪਤਾ ਸੀ, ਤੁਸੀਂ ਕਰੋਲ ਬਾਗ਼ ਵਿੱਚ ਰਹਿੰਦੇ ਹੋ। |
| ਸ਼ਮਸ਼ੇਰ | : | ਪਰ ਸਾਡੇ ਮਾਮਾ ਜੀ ਤਾਂ ਅਫ਼ਰੀਕਾ ਵਿੱਚ ਰਹਿੰਦੇ ਨੇ। |
| ਮਾਮਾ | : | ਮੈਂ ਅਫ਼ਰੀਕਾ ਤੋਂ ਆਉਂਦਾ ਹੋਇਆ ਕੁੱਝ ਦਿਨ ਮਲਾਇਆ ਠਹਿਰ ਗਿਆ ਸਾਂ। |
| ਸ਼ਮਸ਼ੇਰ | : | ਮਾਮਾ ਜੀ, ਅਫ਼ਰੀਕਾ ਕਿੱਧਰ ਤੇ ਮਲਾਇਆ ਕਿੱਧਰ ! ਤੁਸੀਂ ਭੂਗੋਲ ਨਹੀਂ ਪੜ੍ਹਿਆ ਲੱਗਦਾ। |
| ਨਿਰਮਲ | : | ਵੀਰ ! ਮੈਂ ਨਕਸ਼ਿਆਂ ਵਾਲ਼ੀ ਕਾਪੀ ਲਿਆਵਾਂ? |
| ਸ਼ਮਸ਼ੇਰ | : | ਨਹੀਂ ਭੈਣ, ਮੈਂ ਤਾਂ ਮਾਮਾ ਜੀ ਨੂੰ ਮਖੌਲ ਕੀਤਾ ਏ। ਇਹ ਠੀਕ ਕਹਿੰਦੇ ਨੇ। ਅਫ਼ਰੀਕਾ ਵਾਲ਼ਾ ਜਹਾਜ਼ ਸਿੰਘਾਪੁਰੋਂ ਹੋ ਕੇ ਕੋਲਕਾਤਾ ਪੁੱਜਦਾ ਹੈ। |

| | | |
|---|---|---|
| ਮਾਮਾ | : | ਭੈਣ ਜੀ ਕਿੱਥੇ ਗਏ ਹੋਏ ਨੇ? |
| ਸ਼ਮਸ਼ੇਰ | : | ਤੁਹਾਨੂੰ ਰਾਹ ਵਿੱਚ ਨਹੀਂ ਮਿਲ਼ੇ? ਹੁਣੇ ਤਾਂ ਬਾਹਰ ਨਿਕਲ਼ੇ ਨੇ। ਤੁਸੀਂ ਬਜ਼ਾਰ ਵੱਲੋਂ ਤਾਂ ਆਏ ਓ। |
| ਮਾਮਾ | : | ਅਸਲ ਵਿੱਚ ਮੈਂ ਚਿਰ ਪਿੱਛੋਂ ਆਇਆ ਹਾਂ, ਭੈਣ ਨੇ ਮੈਨੂੰ ਨਹੀਂ ਪਛਾਣਿਆ ਹੋਣਾ। ਮੇਰਾ ਧਿਆਨ ਤਾਂ ਘਰ ਲੱਭਣ ਵੱਲ ਸੀ। |
| ਸ਼ਮਸ਼ੇਰ | : | ਮਾਮਾ ਜੀ, ਇਹ ਅਟੈਚੀ ਰੱਖ ਦਿਓ। ਅਰਾਮ ਨਾਲ਼ ਬੈਠੋ। ਦੱਸੋ, ਕੀ ਸੇਵਾ ਕਰੀਏ; ਚਾਹ ਬਣਾਈਏ? |
| ਨਿਰਮਲ | : | ਮੈਂ ਬਿਸਕੁਟ ਲਿਆਵਾਂ? ਮਾਮਾ ਜੀ, ਅਸੀਂ ਕੱਲ੍ਹ ਹੀ ਬਣਾਏ ਨੇ। |
| ਮਾਮਾ | : | ਨਹੀਂ, ਮੈਂ ਸਟੇਸ਼ਨ 'ਤੇ ਖਾ-ਪੀ ਕੇ ਆਇਆ ਹਾਂ। (ਅਟੈਚੀ ਖੋਲ੍ਹ ਕੇ) ਆਹ ਦੇਖੋ, ਮੈਂ ਤੁਹਾਡੇ ਲਈ ਵਲੈਤੀ ਖਿਡੌਣੇ ਲਿਆਇਆਂ। |
| ਨਿਰਮਲ | : | (ਇੱਕ ਖਿਡੌਣਾ ਫੜ ਕੇ) ਵੀਰ, ਇੱਦਾਂ ਦਾ ਖਿਡੌਣਾ ਓਦਣ ਕਨਾਟ-ਪਲੇਸ ਦੇਖਿਆ ਸੀ ਨਾ? |
| ਸ਼ਮਸ਼ੇਰ | : | ਹਾਂ-ਹਾਂ, ਬਿਲਕੁਲ ਇਹੋ-ਜਿਹਾ ਸੀ। |
| ਮਾਮਾ | : | ਤੁਸੀਂ ਇਹਨਾਂ ਨਾਲ਼ ਖੇਡੋ। |
| ਸ਼ਮਸ਼ੇਰ | : | ਮਾਮਾ ਜੀ, ਤੁਸੀਂ? |
| ਮਾਮਾ | : | ਮੈਂ ਤੁਹਾਡਾ ਘਰ ਦੇਖਦਾ ਹਾਂ। |
| ਸ਼ਮਸ਼ੇਰ | : | ਆਓ ਮਾਮਾ ਜੀ, ਮੈਂ ਤੁਹਾਨੂੰ ਘਰ ਦਿਖਾਵਾਂ। |
| ਮਾਮਾ | : | (ਪਿਆਰ ਕਰਦਾ ਹੋਇਆ) ਮੇਰਾ ਭਾਣਜਾ ਤਾਂ ਬਹੁਤ ਹੀ ਹੋਣਹਾਰ ਲੜਕਾ ਹੈ। ਕਿਹੜੀ ਜਮਾਤ ਵਿੱਚ ਏਂ? |
| ਸ਼ਮਸ਼ੇਰ | : | ਮਾਮਾ ਜੀ, ਅਜੇ ਤਾਂ ਛੇਵੀਂ ਵਿੱਚ ਹਾਂ। |
| ਮਾਮਾ | : | ਬੱਸ, ਇਹੋ ਦੋ ਕਮਰੇ ਨੇ? |
| ਸ਼ਮਸ਼ੇਰ | : | ਹਾਂ, ਮਾਮਾ ਜੀ। |
| ਮਾਮਾ | : | ਸੌਂਦੇ ਕਿੱਥੇ ਓ? |
| ਸ਼ਮਸ਼ੇਰ | : | ਬੱਸ ਐਥੇ! ਰਾਤ ਨੂੰ ਚੀਜ਼ਾਂ 'ਕੱਠੀਆਂ ਕਰ ਦਿੰਦੇ ਹਾਂ'। |
| ਮਾਮਾ | : | (ਅੰਦਰ ਵੱਲ ਜਾਂਦਾ ਹੋਇਆ) ਸਟੋਰ ਵਿੱਚ ਸਮਾਨ ਕਿੰਨਾ ਕੁ ਹੈ? |
| ਸ਼ਮਸੇਰ | : | ਮਾਮਾ ਜੀ, ਫ਼ੌਜੀਆਂ ਕੋਲ਼ ਸਮਾਨ ਬਹੁਤ ਥੋੜ੍ਹਾ ਹੁੰਦਾ ਏ। ਹੁਣ ਤਾਂ ਅਸੀਂ ਕਾਫ਼ੀ ਬਣਾ ਲਿਆ ਹੈ। |
| ਮਾਮਾ | : | ਤੁਹਾਡੀ ਮਾਂ ਰੁਪਏ- ਪੈਸੇ ਤੇ ਜ਼ੇਵਰ ਕਿੱਥੇ ਰੱਖਦੀ ਹੈ? ਮੇਰੀ ਜੇਬ ਨੋਟਾਂ ਨਾਲ਼ ਭਰੀ ਹੋਈ ਹੈ। |

ਸ਼ਮਸ਼ੇਰ : ਮਾਮਾ ਜੀ, ਹੌਲ਼ੇ ਹੋ ਲਵੋ।

ਮਾਮਾ : ਪਰ ਮੈਂ ਇਹਨਾਂ ਨੂੰ ਰੱਖਾਂ ਕਿੱਥੇ?

ਸ਼ਮਸ਼ੇਰ : (ਭੇਦ ਨਾਲ਼) ਮਾਮਾ ਜੀ, ਮੇਜ਼ ਹੇਠ ਇੱਕ ਪੇਟੀ ਪਈ ਹੈ। ਉਸ ਵਿੱਚ ਹੀ ਮਾਤਾ ਜੀ ਸਾਰੇ ਗਹਿਣੇ ਤੇ ਨਕਦੀ ਰੱਖਦੇ ਨੇ। ਉਸ ਦੀ ਚਾਬੀ ਅਹੁ ਅੰਗੀਠੀ-ਪੋਸ਼ ਹੇਠ ਪਈ ਏ।

ਮਾਮਾ : ਸ਼ਾਬਾਸ਼! ਤੂੰ ਬਹੁਤ ਹੁਸ਼ਿਆਰ ਏਂ। ਦੋਵੇਂ ਮੇਰੇ ਨਾਲ਼ ਅੰਦਰ ਆਓ, ਤੁਹਾਨੂੰ ਨੋਟ ਦਿਖਾਵਾਂ।

ਸ਼ਮਸ਼ੇਰ : ਮਾਮਾ ਜੀ, ਤੁਸੀਂ ਨੋਟ ਸੰਭਾਲ਼ੋ, ਅਸੀਂ ਰਸੋਈ ਵਿੱਚ ਤੁਹਾਡੇ ਖਾਣ-ਪੀਣ ਦਾ ਪ੍ਰਬੰਧ ਕਰਦੇ ਆਂ। ਮਾਤਾ ਜੀ ਪਤਾ ਨਹੀਂ ਕਦੋਂ ਆਉਣ।

ਮਾਮਾ : ਤੂੰ ਸੱਚ-ਮੁੱਚ ਬਹੁਤ ਸਿਆਣਾ ਬਾਲਕ ਏਂ। ਤੁਸੀਂ ਅੱਗ ਬਾਲ਼ੋ, ਮੈਂ ਨੋਟ ਰੱਖ ਕੇ ਹੁਣੇ ਆਇਆ। (ਮਾਮਾ ਸਟੋਰ ਅੰਦਰ ਚਲਾ ਜਾਂਦਾ ਹੈ। ਸ਼ਮਸ਼ੇਰ ਪਹਿਲਾਂ ਤਾਂ ਰਸੋਈ ਵੱਲ ਜਾਂਦਾ ਹੈ, ਫੇਰ ਬੜੀ ਫੁਰਤੀ ਨਾਲ਼ ਕਮਰੇ ਦੇ ਦਰਵਾਜ਼ੇ ਦੀ ਕੁੰਡੀ ਲਾ ਦਿੰਦਾ ਹੈ।)

ਮਾਮਾ : (ਸ਼ੋਰ ਪਾਉਂਦਾ ਹੋਇਆ) ਕੁੰਡਾ ਕਿਉਂ ਬੰਦ ਕੀਤਾ ਏ?

ਸ਼ਮਸ਼ੇਰ : ਮਾਮਾ ਜੀ, ਥੋੜ੍ਹਾ ਅਰਾਮ ਕਰ ਲਵੋ। ਨਾਲ਼ੇ ਖਾਣ ਲਈ ਕੋਈ ਚੀਜ਼ ਤਿਆਰ ਹੋ ਜਾਵੇਗੀ।

ਮਾਮਾ : (ਕਾਹਲ਼ਾ ਪੈ ਕੇ) ਠਹਿਰ ਜਾ, ਮੈਂ ਹੁਣੇ ਤੈਨੂੰ ਠੀਕ ਕਰਦਾਂ।

ਸ਼ਮਸ਼ੇਰ : ਮਾਮਾ ਜੀ ਘਬਰਾਂਦੇ ਕਿਉਂ ਹੋ ? ਹੁਣੇ ਖੋਲ੍ਹ ਦੇਵਾਂਗਾ। (ਨਿਰਮਲ ਦੇ ਕੰਨ ਵਿੱਚ ਹੌਲ਼ੀ) ਤੂੰ ਇੱਥੇ ਠਹਿਰ, ਮੈਂ ਹੁਣੇ ਆਇਆ, ਡਰੀਂ ਨਾ।

(ਦਰਵਾਜ਼ਾ ਜ਼ੋਰ-ਜ਼ੋਰ ਨਾਲ਼ ਖੜਕਦਾ ਹੈ। ਨਿਰਮਲ ਭੈਅ-ਭੀਤ ਕਦੇ ਅੰਦਰ ਦੇਖਦੀ ਹੈ, ਕਦੇ ਬਾਹਰ । ਰੋਸ਼ਨਦਾਨ ਦਾ ਸ਼ੀਸ਼ਾ ਟੁੱਟਣ ਦੀ ਅਵਾਜ਼ ਆਉਂਦੀ ਹੈ। ਨਿਰਮਲ ਬਾਹਰ ਵੱਲ ਭੱਜਦੀ ਹੈ। ਸ਼ਮਸ਼ੇਰ ਛੇਤੀ - ਛੇਤੀ ਆਉਂਦਾ ਹੈ।

ਮਾਮਾ : (ਗੁੱਸੇ ਨਾਲ਼) ਕੁੰਡੀ ਖੋਲ੍ਹ ਦੇ ਝੱਟ-ਪੱਟ, ਨਹੀਂ ਤਾਂ ਤੈਨੂੰ ਜਾਨੋਂ ਮਾਰ ਦਿਆਂਗਾ।

ਸ਼ਮਸ਼ੇਰ (ਰੋਸ਼ਨਦਾਨ ਵੱਲ ਦੇਖਦਾ ਹੋਇਆ) ਜੇ ਤੂੰ ਬਾਹਰ ਸਿਰ ਕੱਢਿਆ ਤਾਂ ਮੈਂ ਗੋਲ਼ੀ ਨਾਲ਼ ਉਡਾ ਦਿਆਂਗਾ। ਫੇਰ ਨਾ ਕਹਿਣਾ ਭਾਣਜੇ ਨੇ ਕੋਈ ਲਿਹਾਜ਼ ਨਹੀਂ ਕੀਤਾ।

(ਸ਼ਮਸ਼ੇਰ ਬੰਦੂਕ ਚਲਾਉਂਦਾ ਹੈ। ਅੰਦਰ ਇਕਦਮ ਖੜਕਾ ਬੰਦ ਹੋ ਜਾਂਦਾ ਹੈ।)

ਨਿਰਮਲ : (ਹੌਲ਼ੀ) ਵੀਰ! ਇਹ ਚੋਰ ਹੈ?

ਸ਼ਮਸ਼ੇਰ : ਚਲਾਕ ਚੋਰ, ਕੱਪੜੇ ਦੇਖਿਆ ਕਿੰਨੇ ਸੋਹਣੇ ਪਾਏ ਹੋਏ ਨੇ।

ਮਾਮਾ : ਬੇਟਾ! ਕੁੰਡੀ ਖੋਲ੍ਹ, ਮੈਂ ਤੈਨੂੰ ਸੁਗਾਤ ਦਿਆਂ।

ਸ਼ਮਸ਼ੇਰ : ਮਾਮਾ ਜੀ! ਕੁੰਡੀ ਖੋਲ੍ਹਣ ਵਾਲ਼ੇ ਖ਼ੁਦ ਹਾਜ਼ਰ ਹੋ ਗਏ ਨੇ।

ਮਾਮਾ : ਕੌਣ?

ਸ਼ਮਸ਼ੇਰ : ਖ਼ਾਕੀ ਵਰਦੀ ਵਾਲ਼ੇ।

ਥਾਣੇਦਾਰ : 2532 ਨੰਬਰ ਮਕਾਨ ਇਹੋ ਏ?

ਸ਼ਮਸ਼ੇਰ : ਜੀ ਹਾਂ।

ਥਾਣੇਦਾਰ : ਬੰਦੂਕ ਤੂੰ ਚਲਾਈ ਸੀ?

ਸ਼ਮਸ਼ੇਰ : ਜੀ ਹਾਂ।

ਥਾਣੇਦਾਰ : (ਮੁਸਕਰਾਉਂਦੇ ਹੋਏ ਸ਼ਮਸ਼ੇਰ ਹੱਥੋਂ ਏਅਰ-ਗੰਨ ਫੜਦਾ ਹੋਇਆ) ਫ਼ੋਨ ਕਿਸ ਨੇ ਕੀਤਾ ਸੀ?

ਸ਼ਮਸ਼ੇਰ : ਜੀ, ਮੈਂ ਹੀ ਕੀਤਾ ਸੀ। ਜ਼ਰਾ ਅੰਦਰ ਤਸ਼ਰੀਫ਼ ਲਿਆਓ। ਸਾਡੇ ਇੱਕ ਮਾਮਾ ਜੀ ਮਲਾਇਆ ਤੋਂ ਆਏ ਨੇ। ਉਹ ਸਟੋਰ ਦਾ ਦਰਵਾਜ਼ਾ ਭੰਨ ਰਹੇ ਨੇ। ਸਫ਼ਰ ਨਾਲ਼ ਸ਼ਾਇਦ ਉਹਨਾਂ ਦੇ ਦਿਮਾਗ਼ ਨੂੰ ਗਰਮੀ ਚੜ੍ਹ ਗਈ ਏ। ਅਹੁ ਦੇਖੋ, ਰੋਸ਼ਨਦਾਨ ਦਾ ਸ਼ੀਸ਼ਾ ਤੋੜ ਦਿੱਤਾ ਏ।

ਸਿਪਾਹੀ : ਕਾਕਾ ! ਸਿੱਧੀ ਤਰ੍ਹਾਂ ਗੱਲ ਕਰ।

ਸ਼ਮਸ਼ੇਰ : ਅਹੁ ਕੁੰਡੀ ਖੋਲ੍ਹ ਕੇ ਖ਼ੁਦ ਦੇਖ ਲਓ। ਮਾਮਾ ਜੀ ਅੰਦਰ ਛੁਪ ਕੇ ਬੈਠੇ ਨੇ।
(ਥਾਣੇਦਾਰ ਕਮਰੇ ਦਾ ਦਰਵਾਜ਼ਾ ਖੋਲ੍ਹਦਾ ਹੈ। ਉਹ ਵਿਅਕਤੀ ਸਹਿਮਿਆ ਹੋਇਆ ਖੜ੍ਹਾ ਹੈ।)

ਥਾਣੇਦਾਰ : ਕੌਣ ਹੈਂ ਤੂੰ?

ਮਾਮਾ : ਮੈਂ ਤਾਂ ਘਰ ਦਾ ਮਹਿਮਾਨ ਹਾਂ। ਪੁੱਛ ਲਓ ਭਾਵੇਂ।

ਥਾਣੇਦਾਰ : ਕਿਉਂ ਕਾਕਾ?

ਸ਼ਮਸ਼ੇਰ : ਜੀ ਹਾਂ, ਇਹ ਸਾਡੇ ਚੋਰ ਮਾਮਾ ਜੀ ਨੇ। ਭੈਣ ਦਾ ਘਰ ਹੀ ਲੁੱਟਣ ਆ ਵੜੇ ਨੇ। ਹਵਾਲਾਤ ਵਿੱਚ ਡੱਕ ਕੇ ਇਹਨਾਂ ਦੀ ਸੇਵਾ ਕਰੋ। ਮਿਹਰਬਾਨੀ ਹੋਵੇਗੀ।

ਥਾਣੇਦਾਰ : ਨੱਥੂ ਰਾਮ ! ਲਾ ਹੱਥਕੜੀ ਇਹਦੇ।

ਨੱਥੂਰਾਮ : ਥਾਣੇਦਾਰ ਸਾਹਿਬ , ਇਹ ਤਾਂ 'ਖੜਕਾ' ਏ।

ਥਾਣੇਦਾਰ : (ਪਛਾਣ ਕੇ ਤੇ ਖ਼ੁਸ਼ ਹੋ ਕੇ) ਹੈਂ ! ਖੜਕਾ !! ਇਹ ਤਾਂ ਇਨਾਮੀ ਚੋਰ ਹੈ। ਕਈਆਂ ਘਰਾਂ ਦੇ ਬੱਚਿਆਂ ਦਾ ਮਾਮਾ ਬਣ ਚੁੱਕਾ ਹੈ।

ਸ਼ਮਸ਼ੇਰ : ਫੇਰ ਤਾਂ ਥਾਣੇਦਾਰ ਜੀ, ਸਾਡੇ ਮਾਮਾ ਜੀ ਦੀ ਖ਼ੂਬ ਸੇਵਾ ਕਰੋ।
(ਰਣਬੀਰ ਕੌਰ ਘਬਰਾਈ ਹੋਈ ਛੇਤੀ-ਛੇਤੀ ਅੰਦਰ ਆਉਂਦੀ ਹੈ। ਉਸ ਨਾਲ਼ ਦੋ-ਚਾਰ ਹੋਰ ਆਂਢੀ-ਗੁਆਂਢੀ ਹਨ।)

ਰਣਬੀਰ : ਸ਼ੇਰੇ ! ਕੀ ਗੱਲ ਹੋਈ, ਪੁੱਤਰ?

ਸ਼ਮਸ਼ੇਰ : ਮਾਤਾ ਜੀ ਘਬਰਾਓ ਨਾ, ਮਾਮਾ ਜੀ ਫੜੇ ਗਏ ਨੇ, ਬਹੁਤ ਅਫ਼ਸੋਸ ਹੈ।

ਥਾਣੇਦਾਰ : ਭੈਣ ਜੀ, ਆਪ ਦਾ ਲੜਕਾ ਬਹੁਤ ਬਹਾਦਰ ਹੈ। ਇਸ ਨੇ ਅੱਜ ਇੱਕ ਇਨਾਮੀ ਚੋਰ ਫੜਾਇਆ ਹੈ। ਇਹ ਸ਼ਹਿਰ ਵਿੱਚ ਕਈ ਘਰ ਲੁੱਟ ਚੁੱਕਾ ਹੈ। ਆਪ ਦੇ ਬੱਚੇ ਨੂੰ ਪੰਜ ਸੌ ਰੁਪਏ ਇਨਾਮ ਮਿਲ਼ੇਗਾ। (ਸ਼ਮਸ਼ੇਰ ਨੂੰ ਥਾਪੀ ਦਿੰਦਾ ਹੋਇਆ) ਸ਼ਾਬਾਸ਼ ! ਬਹਾਦਰ ਬੱਚੇ ! ਸਾਡੇ ਮੁਲਕ ਨੂੰ ਤੇਰੇ ਜਿਹੇ ਦਲੇਰ ਬੱਚਿਆਂ ਦੀ ਲੋੜ ਹੈ। (ਕੁਝ ਚਿਰ ਰੁਕ ਕੇ) ਤੁਸੀ ਅੱਜ ਅਜ਼ਾਦੀ-ਦਿਵਸ ਦੇਖਣ ਨਹੀ ਗਏ?

ਰਣਬੀਰ : ਜੀ, ਪਿਛਲੇ ਸਾਲ ਇਹਨਾਂ ਦੇ ਪਿਤਾ ਕਸ਼ਮੀਰ ਦੀ ਲੜਾਈ ਵਿੱਚ.............

ਥਾਣੇਦਾਰ : (ਅੰਗੀਠੀ 'ਤੇ ਪਈ ਫੋਟੋ ਦੇਖਦਾ ਹੋਇਆ) ਅੱਛਾ ! ਅੱਛਾ ! ਇਹ ਨੇ ਸੂਬੇਦਾਰ ਅਰਜਨ ਸਿੰਘ ਜਿਨ੍ਹਾਂ ਨੂੰ ਪਿਛਲੇ ਸਾਲ ਵੀਰ- ਚੱਕਰ ਮਿਲਿਆ ਸੀ। ਬੜਾ ਖ਼ੁਸ਼ ਕਿਸਮਤ ਘਰ ਹੈ।

ਰਣਬੀਰ : (ਅੱਖਾਂ ਪੂੰਝਦੀ ਹੋਈ) ਬੈਠੋ ਜੀ।

ਥਾਣੇਦਾਰ : ਭੈਣ, ਤੂੰ ਬਹੁਤ ਭਾਗਾਂ ਵਾਲ਼ੀ ਏਂ। ਬਹਾਦਾਰ ਪਿਤਾ ਦੇ ਘਰ ਬਹਾਦਰ ਪੁੱਤਰ ਪੈਦਾ ਹੋਇਆ ਹੈ।

ਸਿਪਾਹੀ : ਮਾਤਾ ਜੀ ! ਇਹ ਜ਼ਰਾ ਨਹੀਂ ਘਬਰਾਇਆ।

ਥਾਣੇਦਾਰ : ਇਹ ਬਾਲਕ ਤਾਂ ਖ਼ਾਨਦਾਨ ਦਾ ਨਾਂ ਹੋਰ ਉੱਚਾ ਕਰੇਗਾ। (ਸ਼ਮਸ਼ੇਰ ਨੂੰ ਪਿਆਰ ਕਰਦਾ ਹੋਇਆ) ਸ਼ਾਬਾਸ਼ ! ਭਾਰਤ ਨੂੰ ਤੇਰੇ ਜਿਹੇ ਲਾਲਾਂ ਦੀ ਲੋੜ ਹੈ। (ਸਿਪਾਹੀ ਨੂੰ) ਇਸ ਪਾਜੀ ਨੂੰ ਥਾਣੇ ਲੈ ਚੱਲੋ। ਭੈਣ ਜੀ ! ਤੁਹਾਨੂੰ ਵੀ ਕਸ਼ਟ ਦਿਆਂਗੇ। ਸ਼ਮਸ਼ੇਰ ਨੂੰ ਛੇਤੀ ਹੀ ਨਕਦ ਇਨਾਮ ਮਿਲ਼ੇਗਾ।

(ਥਾਣੇਦਾਰ ਜਾਂਦਾ ਹੈ। ਰਣਬੀਰ ਤੇ ਸ਼ਮਸ਼ੇਰ ਹੱਥ ਜੋੜ ਕੇ ਵਿਦਾ ਕਰਦੇ ਹਨ।

ਰਣਬੀਰ : (ਮਮਤਾ ਭਰੀਆਂ ਨਜ਼ਰਾਂ ਨਾਲ਼ ਦੇਖਦੀ ਹੋਈ) ਮੇਰਾ ਸ਼ੇਰ ਪੁੱਤਰ !

ਸ਼ਮਸ਼ੇਰ : (ਬਾਂਹਾਂ ਵਿੱਚ ਲਿਪਟ ਕੇ) ਮਾਤਾ ਜੀ !

ਨਿਰਮਲ : ਮੈਂ ਕਿਤੇ ਡਰੀ ਸੀ?

ਸ਼ਮਸ਼ੇਰ : ਹੋਰ ਨਹੀਂ?

(ਸਾਰੇ ਹੱਸ ਪੈਂਦੇ ਹਨ। ਰਣਬੀਰ ਨਿਰਮਲ ਨੂੰ ਵੀ ਪਿਆਰ ਕਰਦੀ ਹੈ।)

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਾਓ :**

(ੳ) ਇਕਾਂਗੀ ਵਿੱਚ ਇਸਤਰੀ-ਪਾਤਰ ਦਾ ਕੀ ਨਾਮ ਹੈ?

(1) ਬਲਬੀਰ ਕੌਰ (2) ਰਣਬੀਰ ਕੌਰ (3) ਰਣਧੀਰ ਕੌਰ

(ਅ) ਇਕਾਂਗੀ ਵਾਲ਼ੀ ਘਟਨਾ ਕਿਸ ਇਤਿਹਾਸਿਕ ਦਿਨ ਵਾਲ਼ੀ ਹੈ?

(1) 26 ਜਨਵਰੀ (2) 15 ਅਗਸਤ (3) 2 ਅਕਤੂਬਰ

(ੲ) ਮਾਂ ਦੇ ਜਾਣ ਤੋਂ ਬਾਅਦ ਬੱਚਿਆਂ ਕੋਲ਼ ਕੌਣ ਆ ਗਿਆ ਸੀ?

(1) ਚਾਚਾ (2) ਤਾਇਆ (3) ਮਾਮਾ

(ਸ) ਕੀ ਮਾਮਾ ਅਸਲ ਵਿੱਚ ਬੱਚਿਆਂ ਦਾ ਮਾਮਾ ਸੀ?

(1) ਹਾਂ (2) ਨਹੀਂ (3) ਸਕਾ ਮਾਮਾ ਨਹੀਂ ਸੀ

(ਹ) ਮਾਮੇ ਦੇ ਭੇਸ ਵਿੱਚ ਆਏ ਵਿਅਕਤੀ ਨੇ ਖ਼ੁਦ ਨੂੰ ਕਿਸ ਦੇਸ ਤੋਂ ਆਇਆ ਦੱਸਿਆ?

(1) ਸਿੰਘਾਪੁਰ (2) ਮਲਾਇਆ (3) ਅਫ਼ਰੀਕਾ

**2. ਖ਼ਾਲੀ ਸਥਾਨ ਭਰੋ:**

ਜ਼ੋਰ- ਜ਼ੋਰ, ਕਸ਼ਮੀਰ, ਅਫ਼ਰੀਕਾ, ਬਾਲਕ, ਡਰ

ੳ. ਮੈਨੂੰ ਤਾਂ..........ਲੱਗਣ ਲੱਗ ਪਿਆ।

ਅ. ਸਾਡੇ ਮਾਮਾ ਜੀ ਤਾਂ ..........ਵਿੱਚ ਰਹਿੰਦੇ ਹਨ।

ੲ. ਸੂਬੇਦਾਰ ਅਰਜਨ ਸਿੰਘ.....ਦੀ ਲੜਾਈ ਵਿੱਚ ਸ਼ਹੀਦ ਹੋਏ।

ਸ. ਦਰਵਾਜ਼ਾ........ਨਾਲ਼ ਖੜਕਦਾ ਹੈ।

ਹ. ਤੂੰ ਬਹੁਤ ਸਿਆਣਾ .......ਹੈਂ।

**3. ਵਾਕਾਂ ਵਿੱਚ ਵਰਤੋ :**

ਜਸ਼ਨ, ਸਟੇਸ਼ਨ, ਹੋਣਹਾਰ, ਨਕਦੀ, ਵੀਰ-ਚੱਕਰ

**4. ਹੇਠ ਲਿਖੇ ਸ਼ਬਦ-ਜੋੜਾਂ ਨੂੰ ਸ਼ੁੱਧ ਕਰ ਕੇ ਲਿਖੋ :**

ਦਰਵਾਜਾ , ਮੁਸ਼ਕਿਲ, ਫੋਜੀ, ਕੁੰਢੀ, ਰੋਸਨਦਾਰ, ਭੈ-ਭਿਤ

**5. ਪ੍ਰਸ਼ਨਾਂ ਦੇ ਉੱਤਰ ਦਿਓ :**

ੳ. ਸ਼ਮਸ਼ੇਰ ਦੇ ਪਿਤਾ ਜੀ ਦਾ ਕੀ ਨਾਂ ਸੀ? ਉਹ ਕਿਸ ਲੜਾਈ ਵਿੱਚ ਸ਼ਹੀਦ ਹੋ ਗਏ ਸਨ।

ਅ. ਬੱਚਿਆਂ ਨੇ ਮਾਮੇ ਦੇ ਰੂਪ ਵਿੱਚ ਆਏ ਚੋਰ ਨੂੰ ਪੁਲਿਸ ਦੇ ਹਵਾਲੇ ਕਿਵੇਂ ਕੀਤਾ?

ੲ. ਰਣਬੀਰ ਕੌਰ ਨੇ ਸ਼ਮਸ਼ੇਰ ਨੂੰ ਸ਼ੇਰ- ਪੁੱਤਰ ਕਿਉਂ ਆਖਿਆ?

ਸ. ਥਾਣੇਦਾਰ ਨੇ ਸ਼ਮਸ਼ੇਰ ਬਾਰੇ ਕੀ ਕਿਹਾ?

ਹ. ਸ਼ਮਸ਼ੇਰ ਦੇ ਚਰਿੱਤਰ ਬਾਰੇ ਤਿੰਨ ਸਤਰਾਂ ਲਿਖੋ।

**6. ਹੇਠ ਲਿਖੇ ਸ਼ਬਦਾਂ ਨੂੰ ਪੰਜਾਬੀ ਵਿੱਚ ਲਿਖਿਆ ਹੈ, ਤੁਸੀਂ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਲਿਖੋ:**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਨਕਸ਼ਾ | ................. | ................. |
| ਸੁਗਾਤ | ................. | ................. |
| ਜ਼ੇਵਰ | ................. | ................. |
| ਫੁੱਲ | ................. | ................. |
| ਚਾਹ | ................. | ................. |

**7. ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ- ਸ਼ਬਦ ਚੁਣੋ:**

1. ਸ਼ਮਸ਼ੇਰ ਪੰਦਰਾਂ ਕੁ ਸਾਲ ਦਾ ਸੀ।
2. ਗਲੀ ਸੁੰਨ-ਮਸੁੰਨੀ ਪਈ ਸੀ।
3. ਵਿਅਕਤੀ ਨੇ ਸ਼ਮਸ਼ੇਰ ਨੂੰ ਬਹੁਤ ਸਾਰੇ ਨੋਟ ਵਿਖਾਏ।
4. ਫ਼ੌਜੀਆਂ ਕੋਲ਼ ਬਹੁਤ ਥੋੜ੍ਹਾ ਸਮਾਨ ਹੁੰਦਾ ਹੈ।
5. ਮੇਰਾ ਭਾਣਜਾ ਬਹੁਤ ਹੋਣਹਾਰ ਲੜਕਾ ਹੈ।

**8. ਤੁਸੀਂ ਇਸ ਇਕਾਂਗੀ ਵਿੱਚੋਂ ਇਸ ਸੰਬੰਧ ਵਿੱਚ ਕੀ ਸਿੱਖਿਆ ਹੈ ਕਿ ਅਚਾਨਕ ਆਈ ਬਿਪਤਾ ਵਿੱਚ ਤੁਸੀਂ ਕਿਵੇਂ ਉਸ ਦਾ ਸਾਮ੍ਹਣਾ ਕਰਨਾ ਹੈ?**

* * *